# ਦੇਸ਼ ਦੁਆਬਾ

VOL -2 ISSUE - 17

December 01-15, 2013

www.deshdoaba.com

www.ambedkartimes.com




ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੀਆਂ ਅਨਮੋਲ ਸਿੱਖਿਆਵਾਂ ਅਤੇ ਉਹਨਾਂ ਦੀ ਮਹਾਨ ਵਿਦਵਤਾ ਤੇ ਲਾਸਾਨੀ ਕੁਰਬਾਨੀ ਨੂੰ ਸਲਾਮ ਕਰਦਾ ਹੋਇਆ, ਬੜੇ ਹੀ ਆਦਰ ਸਹਿਤ ਉਹਨਾਂ ਦੇ 57ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੈ।


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸਾਡਾ ਨਵਾਂ ਫੋਨ ਨੰਬਰ

ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਨਾਲ ਸੰਪਰਕ ਕਰਨ ਲਈ ਨਵਾਂ ਨੰਬਰ ਹੈ 916-947-8920 ਕਿਰਪਾ ਕਰਕੇ ਸਬੰਧਤ ਨੋਟ ਕਰ ਲੈਣ ਜੀ। -ਸੰਪਾਦਕ

## ਵਿਸ਼ਵ ਕੱਪ ਕਬੱਡੀ

# ਭਾਰਤ ਅਤੇ ਪਾਕਿਸਤਾਨ ਵੱਲੋਂ ਆਪੋ-ਆਪਣੀ ਜਿੱਤ ਦੇ ਦਾਅਵੇ

ਬਠਿੰਡਾ- ਚੌਥੇ ਵਿਸ਼ਵ ਕੱਪ ਵਿਚ ਭਾਰਤ, ਅਮਰੀਕਾ, ਇੰਗਲੈਂਡ, ਪਾਕਿਸਤਾਨ, ਡੈਨਮਾਰਕ, ਇਰਾਨ, ਮੈਕਸੀਕੋ ਤੇ ਕੀਨੀਆ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਕਬੱਡੀ ਖੇਡ ਦਾ ਜਨਮਦਾਤਾ ਹੋਣ ਦੇ ਨਾਤੇ ਭਾਵੇਂ ਚੌਥੇ ਵਿਸ਼ਵ ਕੱਪ ਵਿਚ ਵੀ ਖਿਤਾਬ ਲਈ ਭਾਰਤੀ ਟੀਮ ਦੀ ਦਾਅਵੇਦਾਰੀ ਸਭ ਤੋਂ ਉਪਰ ਹੈ ਤੇ ਪੰਜਾਬੀਆਂ ਦੀ ਮਾਂ ਖੇਡ ਹੋਣ ਕਾਰਨ ਕਬੱਡੀ ਇੱਥੋਂ ਦੀਆਂ ਔਰਤਾਂ ਵਿਚ ਵੱਡੀ ਪੱਧਰ 'ਤੇ ਕਬੱਡੀ ਖੇਡਦੀਆਂ ਹਨ ਤੇ ਇਸ ਖੇਡ ਦੇ ਹਰ ਦਾਅ ਪੇਚ ਤੋਂ ਜਾਣੂ ਹਨ। ਜਿਸ ਕਾਰਨ ਵਿਸ਼ਵ ਦੀਆਂ ਹੋਰਨਾਂ ਟੀਮਾਂ ਨੂੰ ਭਾਰਤੀ ਔਰਤਾਂ ਨੂੰ ਮਾਤ ਦੇ ਵਿਸ਼ਵ ਕੱਪ ਦਾ ਖਿਤਾਬ ਜਿੱਤਣਾ ਉਨ੍ਹਾਂ ਲਈ ਏਨਾ ਆਸਾਨ ਨਹੀਂ ਹੋਵੇਗਾ।



ਵਿਸ਼ਵ ਕੱਪ ਵਿਚ ਇਸ ਵਾਰ ਪਾਕਿਸਤਾਨ ਤੇ ਇਰਾਨ ਦੀਆਂ ਟੀਮਾਂ ਵੀ ਸ਼ਿਰਕਤ ਕਰ ਰਹੀਆਂ ਹਨ, ਜਿਸ ਦੇ ਚਲਦੇ ਔਰਤਾਂ ਦੇ ਮੁਕਾਬਲੇ ਰੌਮਾਂਚਕ ਹੋਣ ਦੀ ਸੰਭਾਵਨਾ ਵਧ ਗਈ ਹੈ। ਪਾਕਿਸਤਾਨੀਆਂ ਦੀ ਵੀ ਕਬੱਡੀ ਜਿਥੇ ਮਾਂ ਖੇਡ ਹੈ, ਉਥੇ ਪਹਿਲਵਾਨੀ ਦੇ ਖੇਤਰ ਲਈ ਜਾਣਿਆ ਜਾਂਦਾ ਇਰਾਨ ਵਿਚ ਵੀ ਲੰਬੇ ਸਮੇਂ ਤੋਂ ਕਬੱਡੀ ਖੇਡੀ ਜਾ ਰਹੀ ਹੈ ਜਿਸ ਕਾਰਨ ਭਾਰਤੀ ਟੀਮ ਨੂੰ ਸਭ ਤੋਂ ਸਖਤ ਟੱਕਰ ਪਾਕਿਸਤਾਨ ਤੇ ਇਰਾਨ ਦੀ ਟੀਮ ਕੋਲੋਂ ਹੀ ਮਿਲਣ ਵਾਲੀ ਹੈ। ਇਸ ਤੋਂ ਇਲਾਵਾ ਭਾਰਤੀ ਟੀਮ ਨੂੰ ਡੈਨਮਾਰਕ ਤੇ ਇੰਗਲੈਂਡ ਦੀਆਂ ਔਰਤਾਂ ਤੋਂ ਸਖਤ ਟੱਕਰ ਮਿਲੇਗੀ। ਇਨ੍ਹਾਂ ਟੀਮਾਂ ਨੇ ਪਿਛਲੇ ਵਿਸ਼ਵ ਕੱਪ ਵਿਚ ਭਾਰਤੀ ਟੀਮ ਨੂੰ ਜਿਥੇ ਸਖਤ ਟੱਕਰ ਦਿੱਤੀ ਸੀ, ਉੱਥੇ ਹੋਰਨਾਂ ਟੀਮਾਂ ਇੰਗਲੈਂਡ ਨੇ 8 ਦਸੰਬਰ ਨੂੰ ਤਰਨ ਤਾਰਨ ਵਿਖੇ ਹੋਏ ਮੈਚ ਵਿਚ ਅਮਰੀਕਾ ਦੀ ਟੀਮ ਨੂੰ 50-28 ਨਾਲ, 10 ਦਸੰਬਰ ਨੂੰ ਗੁਰਦਾਸਪੁਰ ਵਿਖੇ ਹੋਏ ਮੈਚ ਵਿਚ ਤੁਰਕਮੇਨਿਸਤਾਨ ਦੀ ਟੀਮ ਨੂੰ 63-11 ਦੇ ਵੱਡੇ ਫਰਕ ਨਾਲ ਹਰਾਇਆ ਸੀ, ਉਥੇ ਡੈਨਮਾਰਕ ਨੇ ਪਹਿਲੇ ਮੈਚ ਵਿਚ ਹੀ ਕੈਨੇਡਾ ਦੀ ਟੀਮ ਨੂੰ 47-16 ਤੇ ਇੰਗਲੈਂਡ ਨੂੰ 36-28 ਨਾਲ ਹਰਾ ਕੇ ਆਪਣਾ ਦਮਖਮ ਦਿਖਾਇਆ ਸੀ ਤੇ ਹੁਣ ਟੀਮ ਪੂਰੀ ਮਿਹਨਤ ਤੇ ਤਿਆਰੀ ਨਾਲ ਆਈ ਹੈ ਤੇ ਖਿਤਾਬ ਜਿੱਤਣ ਦੀ ਕਤਾਰ ਵਿਚ ਗਿਣੀ ਜਾ ਸਕਦੀ ਹੈ। ਟੀਮ ਵਿਚ ਭਾਵੇਂ ਕਈ ਨਵੀਆਂ ਖਿਡਾਰਨਾਂ ਨੂੰ ਸ਼ਾਮਲ ਕੀਤਾ ਗਿਆ ਹੈ, ਪਰ ਤੀਸਰੇ ਵਿਸ਼ਵ ਕੱਪ ਦੇ ਪਹਿਲੇ ਮੈਚ ਵਿਚ ਹੀ ਕੈਨੇਡਾ ਟੀਮ ਖਿਲਾਫ ਰਿਕਾਰਡ 17 ਜੱਫੇ ਲਾਉਣ ਵਾਲੀ ਡੈਜਨਿਸ਼ ਮੂਲ ਦੀ ਖਿਡਾਰਨ ਟਰੈਸਾ ਵਿਕਰੋਟੀਆਂ 'ਤੇ ਸਭ ਦੀਆਂ ਨਜ਼ਰਾਂ ਰਹਿਣਗੀਆਂ। ਟਰੈਸਾ ਤੋਂ ਇਲਾਵਾ ਟੀਮ ਵਿਚ ਪਿਛਲੇ ਵਿਸ਼ਵ ਕੱਪ ਵਿਚ ਆਪਣੀ ਖੇਡ ਨਾਲ ਪ੍ਰਭਾਵਿਤ ਕਰਨ ਵਾਲੀ ਜੈਸਮੀਨ ਵਿਚ ਟੀਮ ਵਿਚ ਸ਼ਾਮਲ ਹੈ। ਇਸ ਤੋਂ ਇਲਾਵਾ ਕੀਨੀਆ ਤੇ ਮੈਕਸੀਕੋ ਦੀਆਂ ਟੀਮਾਂ ਪਹਿਲੀ ਵਾਰ ਖੇਡ ਰਹੀਆਂ ਹਨ ਤੇ ਉਨ੍ਹਾਂ ਤੋਂ ਖਿਤਾਬ ਦੀ ਉਮੀਦ ਨਹੀਂ ਹੋਵੇਗੀ।



ਵਿਸ਼ਵ ਕੱਪ ਲਈ ਪਾਕਿਸਤਾਨ ਦੀ ਟੀਮ 'ਚ ਸਾਮੀਆ ਪਰਵੀਨ, ਸਹਿਸਤਾ ਹਮੀਦ, ਰਾਮਾ ਆਰਿਫ, ਸ਼ਿਕਾ ਨਜ਼ੀਰ, ਨਾਜਰੀ ਸ਼ਾਹਿਦ, ਸਾਇਦ ਫਰੀਦਾ ਖੁਰਾਮ, ਸਾਦੀਆ ਖਾਲਿਕ, ਮਦੀਆ ਲਤੀਫ, ਸਾਇਰਾ ਸਈਦ, ਸ਼ਬਾਨਾ ਸ਼ੇਖ, ਨੌਸ਼ੀਨ ਰਾਓ, ਆਦਿਲਾ ਸਈਦ, ਕੀਜ਼ਾ ਹਮੀਦ ਤੇ ਰਜ਼ੀਆ ਸਾਦੀ ਸ਼ਾਮਲ ਹਨ। ਭਾਰਤੀ ਟੀਮ ਦਾ ਵੀ ਸੰਭਾਵਿਤ ਖਿਡਾਰੀਆਂ ਦਾ ਐਲਾਨ ਹੋ ਚੁੱਕਾ ਹੈ।


ਇੰਗਲੈਂਡ ਦੀ ਟੀਮ 'ਚ ਐਸਲੇ ਫਰਾਂਸਿਸ ਹੰਟਰ, ਜੈਸਿਕਾ ਫਰਾਂਸਿਸ ਈਲੀਅਟ, ਜ਼ੋਨੇ ਫੋਰਡ, ਕੇ ਅਲੀਸ ਹੈਵਿਟ, ਜੈਨੀਫਰ ਐਨੇ ਬਲਮੇਰ, ਕਰਿਸਟਨ ਅਲੈਕਜੈਂਡਰ, ਏਲੀਨੌਰ ਅਰਗੌਟ ਲੌਗਸਟਰੈਥ, ਕਾਰਾ ਲੁਇਸ ਗਰੀਨਲੀ, ਯਸਾਨੇ ਏਮਿਲੀ ਨਥਬਰੀ ਹੇਗ ਤੇ ਜਾਰੀਯਾ ਡਾਇਸੀ ਮੇ ਸਿਮੇ ਸ਼ਾਮਲ ਹਨ, ਡੈਨਮਾਰਕ ਦੀ ਟੀਮ ਵਿਚ ਡੈਨਿਸ ਟੌਟਾ, ਯਾਸਮੀਨ ਕਾਜੇਮੀ, ਮੀਲੇ ਪੀਟਰਸਨ, ਸ਼ਾਂਤੀ ਆਨੰਦਾ ਡਾਮਸੋਨੇ ਅਬੋਲਾ, ਕੈਮਿਲਾ ਕਰਸਟੀਨ, ਸਟੀਨੇ ਬੋਜਰ, ਕਰੋਲੀਨ ਬਿਰਗਿਟੀ, ਜਾਨੀ ਮਗਰੇਟਾ, ਟੋਰਾ ਹੇਰਬੋਅ, ਟਰੈਸਾ ਵਿਕਟੋਰੀਆ, ਏਮਾ ਲੁੰਡ ਰਸਮੂਸਨ ਸੋਫੀਆ ਬੇਰਕੀਚੇ, ਅਸਮਾ ਬੇਰਕੀਚੇ, ਪਰਮੋਲੇ ਡਜੁਰੁਨਸ, ਮੈਮਿਲਾ ਮੈਰੀ ਅਤੇ ਜੈਸਮੀਨ ਸ਼ਾਮਲ ਹਨ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਨਾਮਦੇਵ ਅਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ




ਖਬਰ ਤੇ ਤਸਵੀਰਾਂ ਦੇਖੋ ਸਫਾ 15 ਤੇ


## ਸ਼੍ਰੀ ਗੁਰੂ ਰਵਿਦਾਸ ਸਭਾ, ਬੇਅ ਏਰੀਆ ਨੇ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਉਤਸਵ ਮਨਾਇਆ










ਖਬਰ ਤੇ ਤਸਵੀਰਾਂ ਦੇਖੋ ਸਫਾ 15 ਤੇ


## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਦਿਹਾੜਾ ਸ਼ਰਧਾ ਨਾਲ ਮਨਾਇਆ


ਖਬਰ ਤੇ ਤਸਵੀਰਾਂ ਦੇਖੋ ਸਫਾ 15 ਤੇ




## ਯੂਨਾਈਟਿਡ ਅਵੇਅਰਨੈਸ ਕਮੇਟੀ ਵੱਲੋਂ ਸ਼ਾਨਦਾਰ "ਥੈਂਕਸਗਿਵਿੰਗ ਡੇਅ" ਡਿਨਰ






ਖਬਰ ਤੇ ਤਸਵੀਰਾਂ ਦੇਖੋ ਸਫਾ 15 ਤੇ


## ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੀ ਗਿੱਧੇ ਦੀ ਟੀਮ ਦਾ ਕੀਤਾ ਸਨਮਾਨ

ਲੁਧਿਆਣਾ, 3 ਦਸੰਬਰ(ਪ੍ਰੀਤੀ ਸ਼ਰਮਾ) ਜਰੂਤ ਮੰਦ ਵਿਦਿਆਰਥੀਆਂ ਦੀ ਸਹਾਇਤਾ ਕਰ ਵਿਦਿਆ ਦੇ ਖੇਤਰ ਵਿੱਚ ਅਹਿਮ ਸਥਾਨ ਬਣਾ ਨਾਮਣਾ ਖੱਟ ਚੁੱਕੇ ਤਾਜਪੁਰ ਰੋਡ ਤੇ ਸਥਿਤ ਐਸ ਐਨ ਪਬਲਿਕ ਸੀਨੀਅਰ ਸਕੰਡਰੀ ਸਕੂਲ ਨੇ ਹੋਰ ਮੱਲਾਂ ਮਾਰਦੇ ਹੋਏ ਪਿਛਲੇ ਦਿਨੀਂ ਲਵਲੀ ਪ੍ਰੋਫ਼ੈਨਲ ਯੂਨੀਵਰਿਸਟੀ ਵਿੱਚ ਹੋਏ ਸੂਬਾ ਪੱਧਰੀ ਸਮਾਗਮ ਕਲਚਰ ਵਿੱਚ ਵੀ ਧੁੰਮਾਂ ਪਾ ਕਈ ਅਹਿਮ ਸਥਾਨਾਂ ਤੇ ਕਬਜਾ ਕਰ ਲਿਆ। ਪੰਜਾਬ ਭਰ ਵਿੱਚੋਂ ਗਿੱਧੇ ਦੀ ਅੰਡਰ 14 ਟੀਮ ਨੇ ਪਹਿਲਾ, ਭਾਸਣ ਮੁਕਾਬਲਿਆਂ ਵਿੱਚ ਅੰਡਰ 11 ਦੇ ਲਵਪ੍ਰੀਤ ਸਿੰਘ ਕਾਲੜਾ ਨੇ ਪਹਿਲਾ ਅਤੇ ਸੋਲੋ ਡਾਂਸ ਵਿੱਚ ਖੁਸਬੂ ਨੇ ਤੀਸਰਾ ਸਥਾਨ ਹਾਸਿਲ ਕਰ ਪੰਜਾਬ ਭਰ ਵਿੱਚ ਸਕੂਲ ਦਾ ਨਾਮ ਚਮਕਾ ਦਿੱਤਾ। ਇਸ ਤੋਂ ਇਲਾਵਾ ਗਿੱਧੇ ਦੀ ਸੀਨੀਅਰ ਟੀਮ ਨੇ ਵੀ ਜੋਨ ਮੁਕਾਬਲਿਆਂ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ ਹੈ। ਗਿੱਧੇ ਦੀ ਟੀਮ ਨੇ ਇਸ ਕਾਮਯਾਬੀ ਦਾ ਸਿਹਰਾ ਗਿੱਧੇ ਦੇ ਕੋਚਾਂ ਇਕਬਾਲ ਬਾਲੀ ਅਤੇ ਰੋਹੀ ਰਾਮ ਤੋਂ ਇਲਾਵਾ ਸਕੂਲ ਦੇ ਮਨੇਜਰ ਨਛੱਤਰ ਸਿੰਘ ਰਿਟਾ: ਪੀ ਈ ਐਸ ਆਈ ਤੇ ਪ੍ਰਿੰਸੀਪਲ ਕੁਲਵੰਤ ਸਿੰਘ ਦੇ ਸਿਰ ਬੰਨਦਿਆਂ ਕਿਹਾ ਕਿ ਏਹ ਇਨਾਂ ਦੀ ਮਿਹਨਤ ਦਾ ਹੀ ਨਤੀਜਾ ਹੈ ਉਨਾਂ ਨੇ ਤਾਂ ਕਦੇ ਸੋਚਿਆ ਵੀ ਨਹੀ ਸੀ ਕਿ ਉਨਾਂ ਨੂੰ ਸੂਬੇ ਭਰ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਦਾ ਮਾਣ ਹਾਸਿਲ ਹੋਵੇਗਾ। ਉਨਾਂ ਏਹ ਵੀ ਕਿਹਾ ਕਿ ਉਹ ਜਲਦੀ ਗਿੱਧੇ ਦੀ ਧੁੰਮ ਦਿੱਲੀ ਪਾ ਪੰਜਾਬ ਤੇ ਸਕੂਲ ਦਾ ਨਾਮ ਰੋਸ਼ਨ ਕਰਨਗੀਆਂ। ਸਕੂਲ ਪ੍ਰਬੰਧਕਾਂ ਵੱਲੋਂ ਨਾਮਣਾ ਖੱਟਣ ਵਾਲਿਆਂ ਦਾ ਵਿਸ਼ੇਸ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮਨੇਜਰ ਨਛੱਤਰ ਸਿੰਘ ਰਿਟਾ: ਪੀ ਈ ਐਸ ਆਈ ਤੇ ਪ੍ਰਿੰਸੀਪਲ ਕੁਲਵੰਤ ਸਿੰਘ, ਕੋਚ ਇਕਬਾਲ ਬਾਲੀ, ਅਧਿਆਪਕਾ ਪਰਮਜੀਤ ਕੌਰ, ਗਗਨਦੀਪ ਕੌਰ ਅਤੇ ਗੁਰਪ੍ਰੀਤ ਕੌਰ ਆਦਿ ਹਾਜਰ ਸਨ।







MAJESTIC HOMES

RAMESH SUMAN
Broker Realtor
RCS-D™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY




39039 Paseo Padre Parkway
Suite # 205
Fremont, CA 94538

Ram Saroay
Broker

Office: (510) 742-8120, Fax: (510) 742-8121
ramsaroay@hotmail.com

# INDIA MARKET



ਕਸ਼ਮੀਰ ਸਿੰਘ ਹੀਰਾ



WE ACCEPT FOOD STAMPS



ਗੁਰਪਾਲ ਬੰਗੜ

Sweets Spices Chaat House

We accept EBT cards

916-786-7666

1265 Pleasant Grove Blvd.
# 100 Roseville, CA 95747

We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

916-338-5511

5203 Elkhorn Blvd.Sacramento, CA 95842

Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

# ਗ਼ਦਰ ਸ਼ਤਾਬਦੀ ਮੌਕੇ ਡਾ. ਜਸਵੰਤ ਰਾਏ ਦੀ "ਦੇਸ਼ ਦੁਆਬਾ" ਵੱਲੋਂ ਪ੍ਰਕਾਸ਼ਿਤ ਪਹਿਲੀ ਪੁਸਤਕ "ਕਥਾਵਾਂ ਬਿਸਤ ਦੁਆਬ ਦੀਆਂ" ਲੋਕ ਅਰਪਣ

ਗ਼ਦਰ ਸ਼ਤਾਬਦੀ ਮੌਕੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਮੇਟੀ ਵਲੋਂ ਡਾ. ਜਸਵੰਤ ਰਾਏ ਦੀ ਪੁਸਤਕ 'ਕਥਾਵਾਂ ਬਿਸਤ ਦੁਆਬ ਦੀਆਂ' ਲੋਕ ਅਰਪਣ ਕੀਤੀ ਗਈ। ਪੁਸਤਕ ਦਾ ਪ੍ਰਕਾਸ਼ਨ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ "ਅਦਾਰਾ ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" (ਅੰਗਰੇਜ਼ੀ/ ਪੰਜਾਬੀ) ਕੈਲੇਫੋਰਨੀਆ ਵਲੋਂ ਕੀਤਾ ਗਿਆ।ਪੁਸਤਕ ਲੋਕ ਅਰਪਣ ਕਰਦਿਆਂ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਕਿਹਾ ਕਿ ਅੱਜ ਤੋਂ ਸੌ ਸਾਲ ਪਹਿਲਾਂ ਅਮਰੀਕਾ ਦੀ ਧਰਤੀ ਤੇ ਗ਼ਦਰ ਪਾਰਟੀ ਦੇ ਅਖ਼ਬਾਰ 'ਗ਼ਦਰ' ਦਾ ਆਗਾਜ਼ ਹੋਇਆ ਸੀ।ਅੱਜ ਦੇ ਦਿਨ ਇਸ ਪੁਸਤਕ ਦਾ ਲੋਕ ਅਰਪਣ ਹੋਣਾ ਆਪਣੇ ਆਪ ਵਿਚ ਸ਼ਲਾਘਾਯੋਗ ਉੱਦਮ ਹੈ।ਇਹ ਪੁਸਤਕ ਪੰਜਾਬੀ ਲੋਕਧਾਰਾ ਖ਼ਾਸ ਕਰਕੇ ਲੋਕ ਕਥਾਵਾਂ ਵਿਚ ਨਿਰੋਲ ਵਾਧਾ ਕਰੇਗੀ। ਕਾਮਰੇਡ ਸ਼੍ਰੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਲੋਕ ਕਥਾਵਾਂ ਲੋਕ ਮਨ ਦੀ ਤਰਜ਼ਮਾਨੀ ਕਰਦੀਆ ਹਨ। ਇਹ ਸਾਡੀ ਅਮੀਰ ਵਿਰਾਸਤ ਹਨ। ਪਰ ਸਾਡੀ ਇਹ ਬਦਕਿਸਮਤੀ ਰਹੀ ਹੈ ਕਿ ਅਸੀਂ ਇਸ ਅਮੀਰ ਵਿਰਾਸਤ ਨੂੰ ਸਹੀ ਸਮੇਂ ਤੇ ਸੰਭਾਲ ਨਹੀਂ ਸਕੇ। ਬਹੁਤ ਸਾਰੇ ਬਜ਼ੁਰਗ ਅਨਪੜ੍ਹ ਹੋਣ ਕਰਕੇ ਇਹਨਾਂ ਕਥਾਵਾਂ ਨੂੰ ਕਾਗਜ਼ ਦੇ ਪੰਨਿਆਂ ਤੇ ਝਰੀਟ ਨਾ ਸਕੇ ਅਤੇ ਆਪਣੇ ਨਾਲ ਹੀ ਇਹ ਅਮੀਰ ਵਿਰਾਸਤ ਲੈ ਕੇ ਦੁਨੀਆਂ ਤੋਂ ਰੁਖ਼ਸਤ ਹੋ ਗਏ। ਡਾ. ਜਸਵੰਤ ਰਾਏ ਵਲੋਂ ਲੋਕਾਂ ਤੱਕ ਪਹੁੰਚ ਕਰਕੇ ਇਕੱਤਰ ਕੀਤੀਆ ਗਈਆਂ ਇਹ ਕਥਾਵਾਂ ਸਚ-ਮੁਚ ਵੱਡਾ ਹੰਬਲਾ ਹੈ ਅਤੇ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਵਲੋਂ ਇਸਨੂੰ ਪੁਸਤਕ ਰੂਪ ਦੇ ਕੇ ਚਿਰ ਸਥਾਈ ਕਰਨਾ, ਬੇਗਾਨੀ ਧਰਤੀ ਤੇ ਬੈਠਿਆਂ ਆਪਣੀ ਸੰਸਕ੍ਰਿਤੀ ਨਾਲ ਮੋਹ ਪਾਲ਼ੀ ਰੱਖਣਾ ਸ਼ਾਬਾਸ਼ੀ ਵਾਲਾ ਕੰਮ ਹੈ। ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਹੁਰਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜਸਵੰਤ ਮੇਰਾ ਪੀ.ਐੱਚ. ਡੀ. ਦਾ ਵਿਦਿਆਰਥੀ ਹੈ। ਜਸਵੰਤ ਦੇ ਇਸ ਉਪਰਾਲੇ ਨਾਲ ਦੁਆਬੇ ਦੇ ਖਿੱਤੇ ਦੀਆਂ ਸੈਕੜੇ ਦੱਬੀਆਂ ਕਥਾਵਾਂ ਨੂੰ ਬਾਹਰ ਆਉਣ ਦਾ ਮੌਕਾ ਮਿਲਿਆ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਸਾਰੀਆਂ ਲੋਕ ਕਥਾਵਾਂ ਪਹਿਲੀ ਵਾਰ ਪੁਸਤਕ ਦਾ ਰੂਪ ਗ੍ਰਹਿਣ ਕਰ ਰਹੀਆਂ ਹਨ, ਇਸ ਤੋਂ ਵੱਧ ਇਸ ਪੁਸਤਕ ਦੀ ਸਾਰਥਿਕਤਾ ਹੋਰ ਕੀ ਹੋ ਸਕਦੀ ਹੈ।ਇਸ ਸਮੇਂ ਕਾਮਰੇਡ ਜਗਰੂਪ ਸਿੰਘ, ਚਰੰਜੀ ਲਾਲ ਕੰਗਣੀਵਾਲ, ਕੁਲਤਾਰ ਸਿੰਘ 'ਕੁਲਤਾਰ' , ਪ੍ਰਿਥੀਪਾਲ ਸਿੰਘ ਮਾੜੀਮੇਘਾ ਆਗੂ ਆਲ ਇੰਡੀਆ ਯੂਥ ਫੈਡਰੇਸ਼ਨ, ਦੇਵ ਰਾਜ ਨਇਯਰ, ਇੰਜੀ. ਸੀਤਲ ਸਿੰਘ ਸੰਘਾ, ਕੁਲਬੀਰ ਸਿੰਘ ਯੂ. ਕੇ. ਹਾਜ਼ਰ ਸਨ। ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਸਹਿਯੋਗ ਦਿੱਤਾ।



# ਅਮਰੀਕੀ ਇਮੀਗਰੇਸ਼ਨ ਬਿੱਲ ਭਾਰਤੀਆਂ ਲਈ ਲਾਹੇਵੰਦ ਹੋਵੇਗਾ

ਵਾਸ਼ਿੰਗਟਨ- ਭਾਰਤ ਦੇ ਫਿਕਰਾਂ ਨੂੰ ਅੱਖੋਂ ਓਹਲੇ ਕਰਦਿਆਂ, ਓਬਾਮਾ ਪ੍ਰਸ਼ਾਸਨ ਨੇ ਅਮਰੀਕੀ ਸੈਨੇਟ ਵੱਲੋਂ ਪਾਸ ਵਿਆਪਕ ਇਮਗੀਰੇਸ਼ਨ ਸੁਧਾਰ ਬਿੱਲ 'ਤੇ ਸਾਰਾ ਧਿਆਨ ਕੇਂਦਰਤ ਕਰ ਲਿਆ ਹੈ। ਅਮਰੀਕਾ ਦਾ ਦਾਅਵਾ ਹੈ ਕਿ ਇਹ ਬਿੱਲ ਭਾਰਤ ਤੇ ਚੀਨ ਜਿਹੇ ਮੁਲਕਾਂ ਦੇ ਲੋਕਾਂ ਲਈ ਬੜਾ ਲਾਹੇਵੰਦ ਸਾਬਤ ਹੋਵੇਗਾ। ਰਸੂਖ ਵਾਲੇ ਭਾਰਤੀ-ਅਮਰੀਕੀਆਂ ਦੀ ਸ਼ਮੂਲੀਅਤ ਵਾਲੀ ਜਥੇਬੰਦੀ ਏਸ਼ੀਅਨ-ਅਮੈਰੀਕਨ ਐਂਡ ਪੈਸਿਫਿਕ ਆਈਲੈਂਡਰ ਕਮਿਊਨਿਟੀ (ਏਏਪੀਆਈ) ਲਈ ਤਿਆਰ ਤੱਥਾਂ ਵਾਲੀ ਸ਼ੀਟ ਵਿੱਚ ਵ੍ਹਾਈਟ ਹਾਊਸ ਨੇ ਇਮੀਗਰੇਸ਼ਨ ਬਿੱਲ ਤਹਿਤ ਵਿਵਾਦਗ੍ਰਸਤ ਐਚ-1ਬੀ ਬਾਰੇ ਸਥਿਤੀ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਵ੍ਹਾਈਟ ਹਾਊਸ ਵੱਲੋਂ ਕਿਹਾ ਗਿਆ ਹੈ ਕਿ ਸੈਨੇਟ ਵੱਲੋਂ ਪਾਸ ਬਿੱਲ ਇਮੀਗਰੈਂਟ ਉੱਦਮੀਆ ਤੇ ਨਿਵੇਸ਼ਕਾਂ ਲਈ ਨਵੇਂ ਵੀਜ਼ਾ ਰਾਹ ਪੈਦਾ ਕਰੇਗਾ ਅਤੇ ਐਚ-1-ਬੀ ਪ੍ਰੋਗਰਾਮ 'ਚ ਪ੍ਰਮੁੱਖ ਸੁਧਾਰ ਲਿਆਏਗਾ। ਸਤੰਬਰ ਵਿੱਚ ਜਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਿਲੇ ਸਨ ਤਾਂ ਉਨ੍ਹਾਂ ਨੇ ਇਹ ਮੁੱਦਾ ਅਮਰੀਕਾ ਅੱਗੇ ਰੱਖਿਆ ਸੀ। ਚੀਨ, ਭਾਰਤ ਤੇ ਦੱਖਣੀ ਕੋਰੀਆ ਉਨ੍ਹਾਂ ਸਿਖਰਲੇ ਦਸ ਮੁਲਕਾਂ ਵਿੱਚ ਸ਼ਾਮਲ ਹਨ ਜੋ ਅਮਰੀਕਾ ਵਿੱਚ ਉੱਦਮੀ ਭੇਜਦੇ ਹਨ।

ਸੈਨੇਟ ਵੱਲੋਂ ਪਾਸ ਬਿੱਲ, ਅਮਰੀਕਾ 'ਚ ਆਪਣਾ ਕਾਰੋਬਾਰ ਸ਼ੁਰੂ ਕਰਕੇ ਪ੍ਰਫੁੱਲਤ ਕਰਨ ਦੇ ਚਾਹਵਾਨ ਵਿਦੇਸ਼ੀ ਉੱਦਮੀਆਂ ਲਈ ਨਵਾਂ ਵੀਜ਼ਾ ਪ੍ਰੋਗਰਾਮ ਪੈਦਾ ਕਰੇਗਾ। ਭਾਰਤੀ ਮੂਲ ਦੇ ਅਮਰੀਕੀ ਫਿਜ਼ੀਸ਼ੀਅਨਾਂ ਦੀ ਐਸੋਸੀਏਸ਼ਨ ਨੂੰ ਇਸ ਬਿੱਲ ਦੇ ਹੋਣ ਵਾਲੇ ਲਾਭਾਂ ਬਾਰੇ ਵੀ ਖੁਲਾਸਾ ਕੀਤਾ ਗਿਆ। ਨਵਾਂ ਇਨਵੈਸਟ ਵੀਜ਼ਾ, ਨਵੇਂ ਇਮੀਗਰੈਂਟ ਕਾਰੋਬਾਰੀਆਂ ਨੂੰ ਅਮਰੀਕਾ 'ਚ ਕਾਰੋਬਾਰ ਕਰਨ, ਅਮਰੀਕੀ ਕਾਮਿਆਂ ਲਈ ਨੌਕਰੀਆਂ ਦੇ ਮੌਕੇ ਪੈਦਾ ਕਰਨ ਬਾਰੇ ਹੈ। ਅਮਰੀਕਾ ਦੇ ਦਾਅਵੇ ਅਨੁਸਾਰ ਐਚ-1-ਬੀ ਵੀਜ਼ਾ ਦੇ ਸਭ ਤੋਂ ਵੱਡੇ ਵਰਤੋਂਕਾਰ ਭਾਰਤ ਤੇ ਚੀਨ ਦੇ ਲੋਕ ਹਨ। ਨਵਾਂ ਬਿੱਲ ਇਨ੍ਹਾਂ ਵੀਜ਼ਿਆਂ ਦੀ ਗਿਣਤੀ 65000 ਵੀਜ਼ਿਆਂ ਤੋਂ 11500 ਵੀਜ਼ੇ ਸਾਲਾਨਾ ਕਰ ਦੇਵੇਗਾ।


## ਪ੍ਰਮੁੱਖ ਸਾਹਿਤਕ ਹਸਤੀ ਡਾ. ਅਨਿਲ ਸੂਰੀਆ ਨੂੰ 2013 ਦਾ ਰਾਜਸ਼੍ਰੀ ਸ਼ਾਹੂ ਮਹਾਰਾਜ ਪੁਰਸਕਾਰ



ਫਿਲਮ ਜਗਤ ਦੀ ਪ੍ਰਸਿੱਧ ਸ਼ਖਸੀਅਤ ਡਾ. ਗੁਲਜ਼ਾਰ ਸਾਹਿਬ ਡਾ. ਸੂਰੀਆ ਨੂੰ ਸਨਮਾਨਿਤ ਕਰਦੇ ਹੋਏ।

'ਮਾਸਿਕ ਸੰਘਰਸ਼ਮਈ ਭਾਰਤ' ਸਾਹਿਤ ਸੰਮੇਲਨ ਬੀਤੇ ਦਿਨੀਂਬੁਲਡਾਨਾ ਮਹਾਂਰਾਸ਼ਟਰ ਵਿਚ ਆਯੋਜਿਤ ਕੀਤਾ, ਜਿਸ ਮੌਕੇ ਦਿੱਲੀ ਦੇ ਪ੍ਰਮੁੱਖ ਸਾਹਿਤਕਾਰ ਡਾ. ਅਨਿਲ ਸੂਰੀਆ ਨੂੰ ਰਾਜਸ਼੍ਰੀ ਸ਼ਾਹੂ ਮਹਾਰਾਜ ਪੁਰਸਕਾਰ 2013 ਪ੍ਰਦਾਨ ਕੀਤਾ ਗਿਆ। ਪੁਰਸਕਾਰ ਪ੍ਰਾਪਤ ਹੋਣ ਤੇ ਡਾ. ਅਨਿਲ ਸੂਰੀਆ ਨੇ ਆਯੋਜਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਇਹ ਇਨਾਮ ਪ੍ਰਾਪਤ ਕਰਕੇ ਬਹੁਤ ਖੁਸ਼ ਹਾਂ। ਡਾ. ਅਨਿਲ ਸ਼ਰਮਾ ਜੀ ਨੂੰ ਪੁਸਤਕ ਕਲਾ, ਸਮਾਜਿਕ, ਸਾਹਿਤ, ਸਭਿਆਚਾਰਕ ਆਦਿ ਖੇਤਰ ਵਿਚ ਯੋਗਦਾਨ ਦੇ ਲਈ ਇਹ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ।

# ਤਲਵਿੰਦਰ ਸਿੰਘ ਅਤੇ ਹਿੰਦੀ ਪੰਜਾਬੀ ਦੇ ਵਿਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ



ਹੁਸ਼ਿਆਰਪੁਰ- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਮੀਟਿੰਗ ਡਾ. ਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸਭ ਤੋਂ ਪਹਿਲਾਂ ਹੁਣੇ ਵਿਛੜੇ ਪੰਜ ਪੰਜਾਬੀ ਅਤੇ ਹਿੰਦੀ ਦੇ ਸਾਹਿਤਕਾਰਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਉਪਰੰਤ ਮਦਨ ਵੀਰਾ ਨੇ ਸ਼ਾਇਰ ਦੇਵਨੀਤ ਅਤੇ ਓਮ ਪ੍ਰਕਾਸ਼ ਵਾਲਮੀਕੀ ਦੀ ਸਾਹਿਤਕ ਦੇਣ ਉਪਰ ਚਰਚਾ ਕਰਦਿਆਂ ਕਿਹਾ ਕਿ ਦੇਵਨੀਤ ਦੀ ਕਵਿਤਾ ਜਿੱਥੇ ਨਵੀਆਂ ਜੁਗਤਾਂ ਅਪਣਾਉਂਦੀ ਹੈ ਓਥੇ ਉਸਦੇ ਕਾਵਿ-ਸੰਗ੍ਰਹਿ 'ਸਟਾਲਿਨ ਚੁੱਪ ਹੈ''' ਦੀ ਪੰਜਾਬੀ ਸਾਹਿਤ ਵਿਚ ਬਹੁਤ ਵੱਡੀ ਥਾਂ ਹੈ। ਓਮ ਪ੍ਰਕਾਸ਼ ਵਾਲਮੀਕੀ ਪੰਜਾਬੀ ਸਾਹਿਤ ਵਿਚ ਆਪਣੀ ਸਵੈਜੀਵਨੀ 'ਜੂਠ' ਕਰਕੇ ਜਾਣਿਆਂ ਪਛਾਣਿਆਂ ਨਾਂ ਹੈ ਜੋ ਦਲਿਤ ਚਿੰਤਨ ਵਿਚ ਬਹੁਤ ਵੱਡਾ ਦਰਜਾ ਰੱਖਦਾ ਹੈ। ਜਸਬੀਰ ਧੀਮਾਨ ਨੇ ਰਾਜਿੰਦਰ ਯਾਦਵ ਦੀ ਹਿੰਦੀ ਸਾਹਿਤ ਦੀ ਪ੍ਰਗਤੀਸ਼ੀਲ ਲਹਿਰ ਨੂੰ ਦੇਣ ਦਾ ਜ਼ਿਕਰ ਕਰਦਿਆਂ ਉਸ ਦੁਆਰਾ ਲੰਮੇ ਸਮੇਂ ਤਕ ਪਰਚੇ 'ਹੰਸ ਦੀ ਸੰਪਾਦਨਾ ਦੇ ਮਹੱਤਵ ਨੂੰ ਵੀ ਰੇਖਾਂਕਿਤ ਕੀਤਾ। ਡਾ. ਕਰਮਜੀਤ ਸਿੰਘ ਨੇ ਚਰਨ ਦਾਸ ਸਿੱਧੂ ਦੇ ਪੰਜਾਬੀ ਨਾਟਕਾਂ ਦੀਆਂ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਦਿਆਂ ਦਿੱਲੀ ਵਿਚ ਸਪਰੂ ਹਾਊਸ ਮਾਰਕਾ ਰੰਗਮੰਚ ਦੇ ਵਿਰੋਧ ਵਿਚ ਉਸਦੀ ਦੇਣ ਦਾ ਉਲੇਖ ਕਰਦੇ ਹੋਏ ਇਹ ਵੀ ਆਵਾਹਨ ਕੀਤਾ ਕਿ ਕਿਉਂਕਿ ਉਹ ਭਾਮ ਜ਼ਿਲਾ ਹੁਸ਼ਿਆਰਪੁਰ ਦਾ ਜੰਮਪਲ ਸੀ ਜਿਸ ਲਈ ਉਸਦੇ ਪਿੰਡ ਵਿਚ ਕੋਈ ਵੱਡਾ ਸਮਾਗਮ ਕੀਤਾ ਜਾਣਾ ਚਾਹੀਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਸਮਰੱਥ ਕਹਾਣੀਕਾਰ ਤਲਵਿੰਦਰ ਸਿੰਘ ਦੇ ਦੁਖਦਾਈ ਵਿਛੋੜੇ ਨੂੰ ਯਾਦ ਕਰਦਿਆਂ ਉਸਦੀ ਪੰਜਾਬੀ ਕਹਾਣੀ ਵਿਚ ਥਾਂ ਨੂੰ ਵਿਸ਼ੇਸ਼ ਤੌਰ ਤੇ ਵਿਚਾਰਿਆ ਗਿਆ ਅਤੇ ਉਸਦੀ ਲੇਖਕ ਜਥੇਬੰਦੀ ਦੇ ਕੰਮਾਂ ਦੀ ਅਗਵਾਈ ਨੂੰ ਵੀ ਯਾਦ ਕੀਤਾ ਗਿਆ, ਵਿਸ਼ੇਸ਼ ਤੌਰ ਤੇ ਪਾਕਿਸਤਾਨੀ ਪੰਜਾਬੀ ਸਾਹਿਤ ਦਾ ਲਿਪੀਆਂਤਰਣ ਅਤੇ ਸੰਪਾਦਨ ਉਸਦੀ ਇਕ ਹੋਰ ਵਿਸ਼ੇਸ਼ਤਾ ਰਹੀ ਹੈ। ਉਹ ਪੰਜਾਬੀਆਂ ਨੂੰ ਸ਼ਾਹਮੁਖੀ ਸਿਖਾਉਣ ਲਈ ਵੀ ਯਤਨਸ਼ੀਲ ਰਿਹਾ।

ਇਸ ਸਮੇਂ ਸਾਹਿਤਕਾਰਾਂ ਨੇ ਗਦਰ ਸ਼ਤਾਬਦੀ ਮਨਾਉਣ ਸਮੇਂ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਮੈਂ- ਬਰਾਂ ਦੇ ਯੋਗਦਾਨ ਬਾਰੇ ਜਾਣਕਾਰੀ ਦਿੰਦਿਆਂ ਇਹ ਵੀ ਫੈਸਲਾ ਕੀਤਾ ਗਿਆ ਕਿ ਸਭਾ ਦਾ ਅਗਲਾ ਸਮਾਗਮ ਗ਼ਦਰ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ। ਰਚਨਾਵਾਂ ਦੇ ਦੌਰ ਸਮੇਂ ਸਤਵੰਤ ਕੌਰ ਕਲੋਟੀ ਨੇ ਆਪਣੇ ਲੇਖ 'ਰੂਸ ਦੇ ਅੰਬਰੋਂ ਟੁੱਟਿਆ ਤਾਰਾ' ਦਾ ਪਾਠ ਕੀਤਾ।

ਡਾ. ਸਰਦੂਲ ਸਿੰਘ, ਦਾਸ ਭਾਰਤੀ, ਲਖਵਿੰਦਰ ਰਾਮ, ਅਵਤਾਰ ਲੰਗੇਰੀ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਧੀਮਾਨ, ਸੁਰਿੰਦਰ ਕੰਗਵੀ, ਕੇ. ਤ੍ਰਿਪਤਾ ਸਿੰਘ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਦੀ ਜ਼ਿਮੇਵਾਰੀ ਡਾ. ਜਸਵੰਤ ਰਾਏ ਨੇ ਨਿਭਾਈ। ਸਮੁੱਚੀਆਂ ਰਚਨਾਵਾਂ ਉਪਰ ਅਜੀਤ ਸਿੰਘ ਜੱਬਲ ਨੇ ਆਪਣੀ ਸੰਖੇਪ ਟਿੱਪਣੀ ਦਿੱਤੀ। ਤਲਵਿੰਦਰ ਸਿੰਘ ਦੇ ਪਰਿਵਾਰ ਨੂੰ ਮਾਇਕ ਸਹਾਇਤਾ ਲਈ ਮੈਂਬਰਾਂ ਨੇ ਆਪਣਾ ਆਪਣਾ ਯੋਗਦਾਨ ਪਾਇਆ। ਇਸ ਮੌਕੇ ਪ੍ਰਸਿੱਧ ਸ਼ਾਇਰ ਜਨਾਬ ਕਮਲਦੇਵ ਪਾਲ ਦੀ ਪੁਸਤਕ "ਦਿਨ ਪਰਤ ਆਉਣਗੇ" ਵੀ ਰਿਲੀਜ਼ ਕੀਤੀ ਗਈ।

# "ਦੱਸ ਕਵੀਆਂ ਦਾ ਸਨਮਾਨ"



ਸਰੀ- ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਾਹਿਬ, ਸਰੀ ਵਿਖੇ, ਸ਼੍ਰੋਮਣੀ ਅਕਾਲੀ ਦਲ ਔਫ ਕੈਨੇਡਾ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ, 15 ਨਵੰਬਰ 2013 ਨੂੰ, ਬਾਬਾ ਦੀਪ ਸਿੰਘ ਸ਼ਹੀਦ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ, ਇਕ ਸ਼ਾਨਦਾਰ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਿੱਖ ਪੰਥ ਦੇ ਉਘੇ ਦਸ ਪੰਥਕ ਕਵੀਆਂ ਨੇ ਭਾਗ ਲਿਆ। ਸਾਰੇ ਕਵੀਆਂ ਨੇ ਆਪੋ ਆਪਣੀਆਂ ਕਵਿਤਾਵਾਂ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਕੇ, ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਜਿਸ ਨੂੰ ਸੰਗਤ ਨੇ ਪ੍ਰੇਮ ਨਾਲ ਸਰਵਣ ਕੀਤਾ। ਇਹ ਪੰਥਕ ਕਵੀਆਂ ਦਾ ਜਥਾ, ਪਿਛਲੇ ਲੰਮੇ ਸਮੇਂ ਤੋਂ, ਪੰਥਕ ਕਵੀ ਦਰਬਾਰਾਂ ਦਾ ਆਯੋਜਨ ਕਰਦਾ ਰਿਹਾ ਹੈ ਅਤੇ ਹੁਣ ਫਿਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਲਈ ਸਰਗਰਮ ਹੋ ਰਿਹਾ ਹੈ। ਇਥੇ ਇਹ ਵੀ ਜ਼ਿਕਰ ਯੋਗ ਹੈ ਕਿ ਇਸ ਜਥੇ ਦੇ ਕਵੀ, ਗੁਰੂ ਜੱਸ ਗਾਉਣ ਦੀ ਕੋਈ ਭੇਟਾ ਨਹੀਂ ਲੈਂਦੇ। ਇਸ ਕਵੀ ਦਰਬਾਰ ਵਿੱਚ ਭਾਗ ਲੈਣ ਵਾਲੇ ਕਵੀਆਂ ਵਿੱਚੋਂ-ਸ੍ਰ. ਗਿਆਨ ਸਿੰਘ ਸੰਧੂ, ਸ੍ਰ. ਸ਼ਿੰਗਾਰ ਸਿੰਘ ਸੰਧੂ, ਸ. ਨਿਰਮਲ ਸਿੰਘ ਕਲਸੀ ਅਤੇ ਪਰਮਜੀਤ ਸਿੰਘ ਨਿੱਜ਼ਰ ਨੇ ਆਪਣੀਆਂ ਭਾਵ ਪੂਰਤ ਕਵਿਤਾਵਾਂ ਰਾਹੀਂ, ਬਾਬਾ ਦੀਪ ਸਿੰਘ ਜੀ ਦਾ ਇਤਿਹਾਸ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ। ਸ੍ਰ. ਬਾਵਾ ਸਿੰਘ ਹੁੰਜਨ, ਸ. ਬੰਤਾ ਸਿੰਘ ਸੱਭਰਵਾਲ, ਸ. ਜਗਜੀਤ ਸਿੰਘ ਤੱਖਰ, ਬੀਬੀ ਅੰਮ੍ਰਿਤ ਕੌਰ ਅਤੇ ਪ੍ਰਸਿੱਧ ਸਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਨੇ, ਸ਼ਹੀਦਾਂ ਦੀਆਂ ਵਾਰਾਂ ਨੂੰ ਤਰੰਨਮ ਵਿੱਚ ਗਾ ਕੇ ਰੰਗ ਬੰਨ੍ਹ ਦਿੱਤਾ। ਇੰਡੀਆ ਤੋਂ ਕਨੇਡਾ ਦੇ ਦੌਰੇ ਤੇ ਆਈ ਸਾਹਿਤਕਾਰਾ ਅਤੇ ਪੰਥਕ ਕਵਿੱਤਰੀ, ਬੀਬੀ ਗੁਰਦੀਸ਼ ਕੌਰ ਗਰੇਵਾਲ ਨੇ ਬਾਬਾ ਦੀਪ ਸਿੰਘ ਜੀ ਦੀ ਜੀਵਨ ਗਾਥਾ ਨੂੰ ਕਬਿੱਤ ਛੰਦ ਵਿੱਚ ਪੇਸ਼ ਕਰਕੇ, ਸੰਗਤ ਵਿੱਚ ਜੋਸ਼ ਭਰ ਦਿੱਤਾ। ਬੀਬੀ ਗਰੇਵਾਲ ਨੇ, ਗੁਰਦੁਆਰਿਆਂ ਵਿੱਚੋਂ, ਕਵੀ ਦਰਬਾਰਾਂ ਵਰਗੀ ਮਹਾਨ ਵਿਰਾਸਤ ਦੇ ਅਲੋਪ ਹੋਣ ਤੇ ਚਿੰਤਾ ਦਾ ਪ੍ਰਗਟਾਵਾ ਵੀ ਕੀਤਾ। ਉਹਨਾਂ ਵਿਸ਼ਵ ਪੰਜਾਬੀ ਕਵੀ ਸਭਾ ਦੇ ਮੀਤ ਪ੍ਰਧਾਨ ਹੋਣ ਦੇ ਨਾਤੇ ਦੱਸਿਆ ਕਿ ਉਹਨਾਂ ਦੀ ਸਭਾ ਵਲੋਂ ਵਲੋਂ ਅੱਜ ਤੱਕ 500 ਦੇ ਕਰੀਬ ਕਵੀ ਦਰਬਾਰ ਕੀਤੇ ਜਾ ਚੁੱਕੇ ਹਨ ਅਤੇ 52 ਕਵੀਆਂ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।

ਇਸ ਸਮਾਗਮ ਸਮੇਂ, ਸ਼੍ਰੋਮਣੀ ਅਕਾਲੀ ਦਲ ਵਲੋਂ ਸ. ਮੱਖਣ ਸਿੰਘ ਸੰਧੂ ਚੇਅਰਮੈਨ ਸ੍ਰਪਰਸਤ ਕਮੇਟੀ, ਸ. ਅਵਤਾਰ ਸਿੰਘ ਸੰਧੂ ਜਨਰਲ ਸਕੱਤਰ, ਸ. ਗਿਆਨ ਸਿੰਘ ਸੰਧੂ ਪ੍ਰਧਾਨ ਵੈਨਕੂਵਰ, ਸ. ਸੰਤਾ ਸਿੰਘ ਸਹੋਤਾ ਤੇ ਸ. ਬਲਵੀਰ ਸਿੰਘ ਗਿੱਲ ਵੀ ਹਾਜ਼ਰ ਸਨ। ਸਟੇਜ ਦੀ ਸੇਵਾ ਸ. ਜਗਜੀਤ ਸਿੰਘ ਤੱਖਰ ਨੇ ਬਾਖੂਬੀ ਨਿਭਾਈ। ਗੁਰਦੁਆਰਾ ਸਾਹਿਬ ਵੱਲੋਂ ਸ: ਬਲਵੀਰ ਸਿੰਘ ਨਿੱਝਰ ਅਤੇ ਗਿ: ਮਹਿੰਦਰ ਸਿੰਘ ਮਹਿਸਮਪੁਰ ਨੇ ਪੂਰਾ ਪੂਰਾ ਸਹਿਯੋਗ ਦਿੱਤਾ ਅਤੇ ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਕਵੀ ਦਰਬਾਰਾਂ ਦੀ ਪਰੰਪਰਾ ਨੂੰ ਗੁਰਦੁਆਰਾ ਸਾਹਿਬ ਵਿਖੇ ਜਾਰੀ ਰੱਖਣ ਦਾ ਭਰੋਸਾ ਦਿਵਾਇਆ। ਅੰਤ ਵਿੱਚ ਸ਼੍ਰੋਮਣੀ ਅਕਾਲੀ ਦਲ ਕੈਨੇਡਾ ਵੱਲੋਂ, ਕਵੀ ਜਨਾਂ ਨੂੰ ਮਾਣ ਪੱਤਰ ਦੇ ਕੇ, ਉਹਨਾਂ ਦਾ ਸਤਿਕਾਰ ਅਤੇ ਧੰਨਵਾਦ ਕੀਤਾ ਗਿਆ। ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ, ਇਸ ਕਵੀ ਦਰਬਾਰ ਦਾ ਭਰਪੂਰ ਅਨੰਦ ਮਾਣਿਆਂ।

ਜਗਜੀਤ ਸਿੰਘ ਤੱਖਰ ਗਿ: ਬੀ: ਏ:
778-385-1636





ਗੁਰੂ ਘਰ ਨਵੀਂ ਉਸਾਰੀ ਜਾ ਰਹੀ ਬਿਲਡਿੰਗ ਦਾ ਇਕ ਮਾਡਲ

# SHRI GURU RAVIDASS TEMPLE

## 6221- 16 th ST., RIO LINDA (SACRAMENTO) Calofornia 95673 USA

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਹਰ ਸਾਲ ਮਾਰਚ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦਿਹਾੜੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਰਹਿਨੁਮਾਈ ਹੇਠ ਵਿਸ਼ਾਲ ਨਗਰ ਕੀਰਤਨ ਵੀ ਆਯੋਜਿਤ ਕੀਤਾ ਜਾਂਦਾ ਹੈ। ਗੁਰੂ ਰਵਿਦਾਸ ਜੀ ਦੀ ਆਪਾਰ ਕਿਰਪਾ ਸਦਕਾ ਹਰ ਸਾਲ ਜਿੱਥੇ ਸੰਗਤਾਂ ਦਾ ਗੁਰੂ ਘਰ ਨਾਲ ਵੱਡੀ ਗਿਣਤੀ ਵਿਚ ਜੁੜਨਾ ਅਤੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ ਵਾਲੇ ਦਿਨ ਸੰਗਤਾਂ ਦਾ ਵੱਡੀ ਤਾਦਾਦ ਵਿਚ ਪਰਿਵਾਰਾਂ ਸਮੇਤ ਹਾਜ਼ਰੀ ਲਗਵਾਉਣੀ ਗੁਰੂ ਮਹਾਰਾਜ ਪ੍ਰਤੀ ਸੱਚੀ ਸ਼ਰਧਾ ਕਹੀ ਜਾ ਸਕਦੀ ਹੈ। ਇਹਨਾਂ ਸੰਗਤਾਂ ਵਿਚੋਂ ਕੁਝ ਗੁਰਸਿੱਖ ਪਰਿਵਾਰ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਵਿਸ਼ਾਲ ਨਗਰ ਕੀਰਤਨ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰਵਾਉਂਦੇ ਹਨ, ਜਿਹਨਾਂ ਦੀ ਲੜੀ ਇਸ ਸਾਲ ਦਸੰਬਰ 22 ਨੂੰ ਸ਼ੁਰੂ ਹੋਣ ਜਾ ਰਹੀ ਹੈ। 22 ਦਸੰਬਰ ਨੂੰ ਪਹਿਲੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰਮੁਖ ਪਰਿਵਾਰ ਸ: ਸਤਨਾਮ ਸਿੰਘ ਮੰਡਾਲੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ। ਅਖੰਡ ਪਾਠ ਸਾਹਿਬ ਸ਼ੁੱਕਰਵਾਰ 20 ਦਸੰਬਰ ਨੂੰ ਆਰੰਭ ਹੋਣ ਜਾ ਰਹੇ ਹਨ, ਜਿਹਨਾਂ ਦੇ 22 ਦਸੰਬਰ ਨੂੰ ਭੋਗ ਪਾਏ ਜਾਣਗੇ।

ਇਸ ਦੇ ਨਾਲ ਹੀ ਲੜੀਵਾਰ ਤਹਿਤ ਅਗਲੇ ਐਤਵਾਰ 29 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਉਘੇ ਸਮਾਜ ਸੇਵੀ ਤੇ ਬਿਜਨਸਮੈਨ ਮਨਜੀਤ ਕੁਮਾਰ ਸਪੁੱਤਰ ਮਾਸਟਰ ਅਮਰ ਨਾਥ ਭਾਰਦਵਾਜ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕਰਵਾਈ ਜਾ ਰਹੀ ਹੈ। ਅਖੰਡ ਪਾਠ ਸਾਹਿਬ 27 ਦਸੰਬਰ ਨੂੰ ਆਰੰਭ ਹੋਣਗੇ ਅਤੇ 29 ਦਸੰਬਰ ਨੂੰ ਭੋਗ ਪਾਏ ਜਾਣਗੇ। ਉਪਰੋਕਤ ਦੋਵੇਂ ਗੁਰਮੁਖ ਪਰਿਵਾਰਾਂ ਵੱਲੋਂ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਦਿਹਾੜੇ ਤੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। **ਹੋਰ ਜਾਣਕਾਰੀ ਲਈ 916-992-1710 ਤੇ ਸੰਪਰਕ ਕੀਤਾ ਜਾ ਸਕਦਾ ਹੈ।**



## ਸਤਨਾਮ ਸਿੰਘ ਮੰਡਾਲੀ ਅਤੇ ਉਹਨਾਂ ਦਾ ਸਮੂਹ ਪਰਿਵਾਰ

## ਮਾਸਟਰ ਅਮਰ ਨਾਥ ਭਾਰਦਵਾਜ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਗੁਰਬਖਸ ਕੌਰ ਅਤੇ ਸਮੂਹ ਪਰਿਵਾਰ

## ਮਨਜੀਤ ਕੁਮਾਰ ਅਤੇ ਉਹਨਾਂ ਦੀ ਸੁਪਤਨੀ ਨਰਿੰਦਰ ਕੁਮਾਰੀ

# ਧਰਤ ਦੁਆਬੇ ਦੀ

## ਪੰਜਾਬ ਯੂਨੀਵਰਸਿਟੀ ਵਿਚ ਮੱਲਾਂ ਮਾਰਨ ਵਾਲਾ ਰੇਡਰ-ਸਿਮਰਜੀਤ ਸਿੰਘ





ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਮਾਹਿਲਪੁਰ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਆਪਣੇ ਵਿਦਿਆਰਥੀਆਂ ਨੂੰ ਜਿੱਥੇ ਬਹੁ ਪੱਖੀ ਗਿਆਨ ਪ੍ਰਦਾਨ ਕਰ ਰਿਹਾ ਹੈ ਉਥੇ ਉਨਾਂ ਦੀਆਂ ਛੁਪੀਆਂ ਕਲਾਵਾਂ ਨੂੰ ਉਜਾਗਰ ਕਰਨ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ।ਇਸ ਕਾਲਜ ਦੇ ਵਿਦਿਆਰਥੀ ਦੇਸ਼ ਵਿਦੇਸ਼ ਵਿਚ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਰਹੇ ਹਨ। ਇਸ ਵਾਸਤੇ ਇਥੋਂ ਦੇ ਉੱਘੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਰੰਧਾਵਾ, ਡੀ ਪੀ ਡਾ. ਲਖਵਿੰਦਰ ਸਿੰਘ ਅਤੇ ਕੋਚ ਅਮਰਜੀਤ ਸਿੰਘ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ ਜਿਨਾਂ ਦੀ ਸ਼ਾਨਦਾਰ ਅਗਵਾਈ ਸੱਦਕਾ ਕਾਲਜ ਦੇ ਵਿਦਿਆਰਥੀ ਆਲ ਇੰਡੀਆ ਤਕ ਮੱਲਾ ਮਾਰ ਕੇ ਕਾਲਜ ਦਾ ਨਾ ਰੌਸ਼ਨ ਕਰ ਰਹੇ ਹਨ। ਉੱਘੇ ਕਬੱਡੀ ਖਿਡਾਰੀ ਸਿਮਰਜੀਤ ਦਾ ਇਹੀ ਕਹਿਣਾ ਹੈ ਕਿ ਜੇਕਰ ਉਹ ਇਸ ਸੰਸਥਾਂ ਵਿਚ ਨਾ ਆਉਂਦਾ ਤਾ ਸ਼ਾਇਦ ਉਸਦੀ ਖੇਡ ਅਤੇ ਵਿਦਿਆ ਦੀ ਜੋਤ ਨੂੰ ਜਗ ਮਗ ,ਜਗ ਮਗ ਕਰਨ ਦਾ ਪੂਰਾ ਮੌਕਾਂ ਨਾ ਮਿਲਦਾ।

ਹਿੰਮਤੀ ਤੇ ਲਗਨ ਵਾਲਾ ਇਹ ਖਿਡਾਰੀ ਇਕ ਵਧੀਆਂ ਰੇਡਰ ਅਤੇ ਜਾਫੀ ਹੈ। ਇਸੇ ਕਰਕੇ ਉਸਨੇ ਆਲ ਇੰਡੀਆਂ ਇੰਟਰ ਯੂਨੀਵਰਸਿਟੀ ਮੁਕਾਬਲਿਆਂ ਵਿਚ ਪੰਜਾਬ ਯੂਨੀਵਰਸਿਟੀ ਦੀ ਕਬੱਡੀ ਟੀਮ ਦੀ ਕਪਤਾਨੀ ਕੀਤੀ। ਉਸਨੇ ਆਪਣੀ ਸ਼ਾਨਦਾਰ ਖੇਡ ਸੱਦਕਾ ਇਸ ਟੀਮ ਨੂੰ ਤਕਨੀਕੀ ਖੇਡ ਦਾ ਪ੍ਰਦਰਸ਼ਨ ਕਰਨ ਦੇ ਸਮਰੱਥ ਕੀਤਾ। ਇੰਜ ਉਹ ਕਪਤਾਨ ਦੇ ਨਾਲ ਨਾਲ ਵਧੀਆ ਖਿਡਾਰੀਆਂ ਵਿਚ ਵੀ ਸ਼ਾਮਿਲ ਹੋ ਗਿਆ।

ਸਾਲ 2013 ਵਿਚ ਉਸਨੇ ਤਾਈਕਵਾਂਡੋ ਦੇ ਸੱਤਰ ਕਿਲੋਂ ਵਰਗ ਵਿਚ ਰਾਸ਼ਟਰੀ ਪੱਧਰ ਤੇ ਸੋਨ ਤਗਮ ਜਿੱਤਿਆ। ਇਸੇ ਤਰ੍ਹਾਂ ਉਸ ਦੀ ਟੀਮ ਨੇ ਪੰਜਾਬ ਯੂਨੀਵਰਸਿਟੀ ਵਿਚੋਂ ਤੀਸਰਾ ਸਥਾਨ ਹਾਸਲ ਕੀਤਾ।ਜਿੱਥੇ ਉਹ ਇਕ ਵਧੀਆ ਖਿਡਾਰੀ ਹੈ ਉਥੇ ਉਹ ਪੜ੍ਹਾਈ ਵਿਚ ਵੀ ਸਭ ਤੋਂ ਅੱਗੇ ਰਹਿੰਦਾ ਹੈ। ਐਮ ਪੀ ਐਡ ਦੇ ਪਹਿਲੇ ਸਾਲ ਵਿਚ ਉਸਨੇ 77% ਅੰਕ ਹਾਸਿਲ ਕਰਕੇ ਯੂਨੀ. ਵਿਚੋਂ ਪੰਜਵਾਂ ਅਤੇ ਕਾਲਜ ਵਿਚੋਂ ਤੀਸਰਾ ਸਥਾਨ ਹਾਸਿਲ ਕੀਤਾ।ਬੀ. ਪੀ. ਐਡ ਵੀ 77ਗ਼ਅੰਕਾ ਨਾਲ ਖਾਲਸਾ ਕਾਲਜ ਤੋਂ ਹੀ ਪਾਸ ਕੀਤੀ।

ਹਿੰਮਤੀ ਤੇ ਲਗਨ ਵਾਲਾ ਇਹ ਖਿਡਾਰੀ ਹਰ ਪਲ ਆਪਣੇ ਆਪ ਨੂੰ ਰੁਝਾਈ ਰੱਖਦਾ ਹੈ। ਕਦੀ ਉਹ ਪੜ੍ਹਦਾ ਹੈ ਜਾਂ ਵਿਹਲੇ ਸਮੇਂ ਅਭਿਆਸ ਕਰਦਾ ਹੈ।ਉਸਦਾ ਕਹਿਣਾ ਹੈ ਹਰ ਖੇਤਰ ਵਿਚ ਮਿਹਨਤ ਤੇ ਡਸਿਪਲਨ ਨਾਲ ਹੀ ਪ੍ਰਾਪਤੀ ਕੀਤੀ ਜਾ ਸਕਦੀ ਹੈ।ਆਪਣੇ ਅਧਿਆਪਕਾਂ ਦਾ ਪੂਰਾ ਸਤਿਕਾਰ ਕਰਨ ਵਾਲਾ ਸਿਮਰਜੀਤ ਸਿੰਘ ਹੁਸ਼ਿਆਰਪੁਰ ਜਿਲੇ ਦੇ ਪਿੰਡ ਕਕਰਾਲਾ ਵਿਚ ਇਕ ਜੂਨ, 1991 ਨੂੰ ਸ ਜਰਨੈਲ ਸਿੰਘ ਤੇ ਮਾਤਾ ਰਾਜਵਿੰਦਰ ਕੌਰ ਦੇ ਘਰ ਪੈਦਾ ਹੋਇਆ। ਪਹਿਲੀ ਜਮਾਤ ਤੋਂ ਹੀ ਹੁਸ਼ਿਆਰ ਵਿਦਿਆਰਥੀਆਂ ਵਿਚ ਸ਼ਾਮਿਲ ਹੋ ਗਿਆ। ਕਬੱਡੀ ਉਸਨੇ ਦਸਵੀਂ ਵਿਚ ਹੀ ਪੰਜਾਬ ਪੱਧਰ ਤੇ ਸਕੂਲੀ ਮੁਕਾਬਲਿਆਂ ਵਿਚ ਖੇਡ ਲਈ ਸੀ। ਜਿਸ ਸਦਕਾ ਉਸਦਾ ਨਾਂ ਵਧੀਆ ਕਬੱਡੀ ਖਿਡਾਰੀਆਂ ਵਿਚ ਦਰਜ ਹੋ ਗਿਆਂ ਸੀ। ਸ਼ਾਨਦਾਰ ਅੰਕਾਂ ਨਾਲ ਦਸਵੀਂ ਪਾਸ ਕੀਤੀ ਤਾਂ ਪੰਜਾਬ ਸਕੂਲਾਂ ਦੀ ਟੀਮ ਦਾ ਵੀ ਕਬੱਡੀ ਕਪਤਾਨ ਬਣ ਗਿਆ। ਖਾਲਸਾ ਕਾਲਜ ਗੜ੍ਹਦੀਵਾਲਾ ਵਿਚ ਵੀ ਉਸਦੀ ਚੰਗੀ ਧੁੰਮ ਰਹੀ।ਇਥੋਂ ਵੀ ਉਹ ਪੰਜਾਬ ਯੂਨੀਵਰਸਿਟੀ ਦੀ ਟੀਮ ਵਿਚ ਸ਼ਾਮਿਲ ਹੋ ਗਿਆ ਸੀ। ਇੰਜ ਉਹ ਆਏ ਸਾਲ ਆਪਣੀ ਖੇਡ ਕਲਾ ਨੂੰ ਨਿਖਾਰਦਾ ਹੋਇਆ ਅਜ ਪੰਜਾਬ ਯੂਨੀਵਰਸਿਟੀ ਦਾ ਇਕ ਮਾਣਮੱਤਾ ਕਬੱਡੀ ਖਿਡਾਰੀ ਬਣ ਚੁੱਕਾ ਹੈ। ਤਾਮਿਲਨਾਡੂ ਵਿਚ ਉਸ ਵਲੋਂ ਕੀਤਾ ਸ਼ਾਨਦਾਰ ਪ੍ਰਦਰਸ਼ਨ ਉਸਦੇ ਚੇਤੇ ਵਿਚ ਅਜ ਵੀ ਵਸਿਆ ਹੋਇਆਂ ਹੈ। ਉਹ ਇਨਾਂ ਪ੍ਰਾਪਤੀਆਂ ਲਈ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਬੰਧ ਅਤੇ ਸਟਾਫ ਸਿਰ ਬੰਨਦਾ ਹੈ ਜਿਸ ਕਰਕੇ ਉਚੀ ਉਡਾਨ ਭਰ ਰਿਹਾ ਹੈ।ਸਿਰਮਜੀਤ ਤੋਂ ਕਬੱਡੀ ਜਗਤ ਨੂੰ ਬਹੁਤ ਉਮੀਦਾਂ ਹਨ।

## ਪ੍ਰੋ. ਮੋਹਨ ਸਿੰਘ ਮੇਲੇ ਵਿਚ ਪੰਜਾਬੀ ਗਾਇਕਾਂ ਨੇ ਬੰਨ੍ਹਿਆ ਸਮਾਂ

### ਜਸਵੰਤ ਸਿੰਘ ਸੈਦੋਕੇ ਪ੍ਰਵਾਸੀ ਮੀਡੀਆ ਪੁਰਸਕਾਰ ਨਾਲ ਸਨਮਾਨਿਤ

ਬਠਿੰਡਾ- ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਤੇ ਯੂਥ ਕਲੱਬਜ਼ ਆਰਗੇਨਾਈਜੇਸ਼ਨ ਪੰਜਬ ਵੱਲੋਂ ਥਰਮਲ ਸਟੇਡੀਅਮ ਵਿਚ ਆਯੋਜਿਤ ਦੋ ਦਿਨਾਂ 35ਵੇਂ ਪ੍ਰੋ. ਮੋਹਨ ਸਿੰਘ ਮੇਲੇ ਦੇ ਅੰਤਿਮ ਦਿਨ ਪੰਜਾਬੀ ਗਾਇਕਾਂ ਨੇ ਸ਼ਾਨਦਾਰ



ਪੇਸ਼ਕਾਰੀ ਦੇ ਕੇ ਖੂਬ ਸਮਾਂ ਬੰਨ੍ਹਿਆ। ਮੇਲੇਦੌਰਾਨ ਪੁਰਾਤਨ ਕਲਾਵਾਂ ਤੇ ਪ੍ਰਦਰਸ਼ਨੀਆਂ ਸਰੋਤਿਆਂ ਦੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ। 35 ਸਾਲਾ ਤੋਂ ਪ੍ਰੋ. ਮੋਹਨ ਸਿੰਘ ਦੀ ਯਾਦ ਵਿਚ ਮੇਲੇ ਦਾ ਆਯੋਜਨ ਕਰਦੇਆ ਰਹੇ ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਦੇ ਚੇਅਰਮੈਨ ਜਗਦੇਵ ਸਿੰਘ ਜੱਸੋਵਾਲ ਨੇ ਇਸ ਮੌਕੇ ਭਾਵਪੂਰਨ ਭਾਸ਼ਣ ਦੌਰਾਨ ਕਿਹਾ ਕਿ ਲੁਧਿਆਣਾ ਦੀ ਧਰਤੀ ਤੋਂ ਸ਼ੁਰੂ ਕੀਤਾ ਉਕਤ ਮੇਲਾ ਅੱਜ ਤੋਂ 35 ਸਾਲਾਂ ਦਾ ਜਵਾਨ ਹੋ ਗਿਆ ਪਰ ਉਹ ਬੁੱਢੇ ਹੋ ਗਏ ਹਨ, ਇਸ ਲਈ ਇਸ ਯਾਦਗਾਰੀ ਮੇਲੇ ਨੂੰ ਭਵਿੱਖ ਵਿਚ ਵੀ ਇਸੇ ਤਰ੍ਹਾਂ ਸੰਚਾਲਿਤ ਕਰਨ ਲਈ ਉਹਨਾਂ ਨੇ ਸਮਰਪਿਤ ਵਰਕਰ ਜਸਵੀਰ ਸਿੰਘ ਗਰੇਵਾਲ ਨੂੰ ਆਪਣਾ ਵਾਰਸ ਨਿਯੁਕਤ ਕਰਦਿਆਂ ਉਹਨਾਂ ਦੀ ਦਸਤਾਰ ਬੰਦੀ ਕੀਤੀ। ਇਸ ਮੌਕੇ ਪ੍ਰਗਟ ਸਿੰਘ ਗਰੇਵਾਲ, ਗੁਰਭਜਨ ਸਿੰਘ ਗਿੱਲ, ਦਿਲਬਾਗ ਖਤਰਾਏ ਕਲਾਂ, ਕੇ. ਕੇ. ਬਾਵਾ, ਹਰਦਿਆਲ ਅਮਨ, ਮਾਸਟਰ ਸਾਧੂ ਰਾਮ, ਗੁਰਨਾਮ ਸਿੰਘ ਧਾਲੀਵਾਲ, ਪੰਡਿਤ ਗਿਰਧਾਰੀ ਨੇ ਗਰੇਵਾਲ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ। ਮੇਲੇ ਦੌਰਾਨ 15 ਸ਼ਖਸੀਅਤਾਂ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ, ਜਿਸ ਵਿਚ ਜਸਵੰਤ ਸਿੰਘ ਸੈਦੋਕੇ ਨੂੰ ਪ੍ਰਵਾਸੀ ਮੀਡੀਆ ਪੁਰਸਕਾਰ, ਪਦਮਸ਼੍ਰੀ ਪ੍ਰੋ.ਕਰਤਾਰ ਸਿੰਘ ਨੂੰ ਗੁਰਮਤਿ ਸੰਗੀਤ ਸਮਰਾਟ ਪੁਰਸਕਾਰ, ਸੋਹਨ ਸਿੰਘ ਸਲੇਮਪੁਰੀ ਨੂੰ ਹਿੰਦ-ਪਾਕਿ ਦੋਸਤੀ ਪੁਰਸਕਾਰ, ਭਾਈ ਕਾਹਨ ਸਿੰਘ ਸੇਵਾਪੰਥੀ ਨੂੰ ਗੁਰਮਤਿ ਪ੍ਰਚਾਰ ਪੁਰਸਕਾਰ, ਕੇ. ਦੀਪ ਨੂੰ ਪੰਜਾਬੀ ਲੋਕ ਗਾਇਕ ਪੁਰਸਕਾਰ, ਪੰਡਤ ਗਿਰਧਾਰੀ ਲਾਲ ਸ਼ਰਮਾ ਨੂੰ ਭਾਈ ਘਨੱਈਆ ਪੁਰਸਕਾਰ, ਗੀਤਕਾਰ ਸਵਰਨ ਸਿਵੀਆ ਨੂੰ ਸ਼੍ਰੋਮਣੀ ਪੰਜਾਬੀ ਗੀਤਕਾਰ ਪੁਰਸਕਾਰ, ਡਾ. ਸੁਰਿੰਦਰ ਦੋਸਾਂਝ ਨੂੰ ਸ਼੍ਰੋਮਣੀ ਆਲੋਚਕ ਤੇ ਚਿੰਤਕ ਪੁਰਸਕਾਰ, ਹਰਦੇਵ ਸਿੰਘ ਲਾਲਬਾਈ ਨੂੰ ਸ਼੍ਰੋਮਣੀ ਕਵੀਸ਼ਰ ਪੁਰਸਕਾਰ, ਅਵਤਾਰ ਸਿੰਘ ਬਣਾਂਵਾਲੀ ਨੂੰ ਲੋਕ ਸੇਵਾ ਪੁਰਸਕਾਰ, ਰਾਜਿੰਦਰ ਸਿੰਘ ਓਲੰਪੀਅਨ ਨੂੰ ਬਾਲ ਕ੍ਰਿਸ਼ਨ ਪੁਰਸਕਾਰ, ਬਲਵੀਰ ਸਿੰਘ ਭਾਟੀਆ ਨੂੰ ਪੰਜਾਬੀ ਸਭਿਆਚਾਰ ਤੇ ਪ੍ਰਚਾਰ ਤੇ ਪਸਾਰ ਲਈ ਪੁਰਸਕਾਰ ਤੇ ਦਲਜੀਤ ਸੰਧੂ ਨੂੰ ਪੰਜਾਬੀ ਇਲੈਕਟ੍ਰਾਨਿਕ ਮੀਡੀਆ ਪੁਰਸਕਾਰ ਸ਼ਾਮਲ ਹਨ, ਜਦੋਂ ਕਿ ਪ੍ਰੋ. ਮੋਹਨ ਸਿੰਘ ਪੁਰਸਕਾਰ ਲੋਕ ਕਲਾਵਾਂ ਵਿਚ ਦਿੱਤੇ ਜਾ ਰਹੇ ਯੋਗਦਾਨ ਦੇ ਚਲਦਿਆਂ ਹਰਵਿੰਦਰ ਸਿੰਘ ਖਾਲਸਾ ਨੂੰ ਦਿੱਤਾ ਗਿਆ। ਮੇਲੇ ਦੌਰਾਨ ਪੰਜਾਬੀ ਗਾਇਕ ਸੁਰਿੰਦਰ ਛਿੰਦਾ, ਮਨਦੀਪ ਕੌਰ, ਹਰਜੀਤ ਹਰਮਨ, ਰਵਿੰਦਰ ਗਰੇਵਾਲ, ਗੁਰਵਿੰਦਰ ਬਰਾੜ ਆਦਿ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ਕਾਰੀ ਦੇ ਕੇ ਦਰਸ਼ਕਾਂ ਨੂੰ ਮੰਤਰ ਮੁਗਧ ਕੀਤਾ।

## ਲੋਹੜੀ ਦੇ ਤਿਉਹਾਰ ਨੂੰ ਬੇਬੀ ਡੇ ਮਨਾਇਆ ਜਾਵੇਗਾ- ਦਲ ਖਾਲਸਾ ਅਲਾਇੰਸ

ਅੰਮ੍ਰਿਤਸਰ- ਗੁਰ ਸਿੱਖ ਇਤਿਹਾਸ ਵਿੱਚ ਔਰਤ ਨੂੰ ਬਹੁਤ ਸਨਮਾਨ ਦਿੱਤਾ ਗਿਆ ਹੈ ਪਰ ਹਿੰਦੋਸਤਾਨੀ ਸਮਾਜ ਅੰਦਰ ਔਰਤ ਨੂੰ ਸਨਮਾਨ ਜਾਂ ਬਰਾਬਰਤਾ ਨਾ ਮਿਲਣ ਕਰਕੇ ਧੀਆਂ ਦੀ ਭਰੂਣ ਹਤਿਆ ਦਾ ਦੌਰ ਸਾਰੇ ਹਦਾਂ ਬੰਨੇ ਟਪੀ ਜਾ ਰਿਹਾ ਹੈ। ਇਸ ਹਿੰਦੋਸਤਾਨੀ ਸਮਾਜਕ ਕੁਰੀਤੀ ਦਾ ਹੌਲੀ ਹੌਲੀ ਸਿੱਖਾਂ ਅੰਦਰ ਵੀ ਅਸਰ ਦੇਖਣ ਸੁਣਨ ਨੂੰ ਮਿਲ ਰਿਹਾ ਹੈ। ਇਸ ਕੁਰੀਤੀ ਦਾ ਗਲ੍ਹ ਘੁਟਣ ਲਈ ਅਤੇ ਧੀਆਂ ਦਾ ਸਮਾਜ ਅੰਦਰ ਸਨਮਾਨ ਉਚਾ ਚੁੱਕਣ ਲਈ ਲੋਕ ਲਹਿਰ ਪੈਦਾ ਕਰਨ ਵਾਸਤੇ 2005 ਤੋਂ ਦਲ ਖਾਲਸਾ ਅਲਾਇੰਸ ਨੇ ਧੀਆਂ ਦੀ ਲੋਹੜੀ ਮਨਾਉਣ ਦਾ ਸਿਲਸਲਾ ਸ਼ੁਰੂ ਕੀਤਾ। ਪਹਿਲਾਂ ਤਾਂ ਕੁੱਝ ਅਖੌਤੀ ਵਿਦਵਾਨਾਂ ਨੇ ਇਸ ਲਹਿਰ ਦਾ ਵਿਰੋਧ ਕੀਤਾ ਪਰ ਜਦੋਂ ਇਹ ਅੰਤਰਰਾਸ਼ਟਰੀ ਪੱਧਰ ਤੇ ਧੀਆਂ ਦੇ ਹੱਕ ਤੇ ਪੱਖ ਵਿੱਚ ਲੋਕ ਲਹਿਰ ਬਣ ਗਈ ਤਾਂ ਉਹਨਾਂ ਅਖੌਤੀਆਂ ਨੇ ਹੀ ਇਸ ਲਹਿਰ ਦਾ ਪੱਖ ਪੂਰਨਾ ਸ਼ੁਰੂ ਕਰ ਦਿੱਤਾ।

ਦਲ ਖਾਲਸਾ ਅਲਾਇੰਸ ਦਾ ਸ਼ੁਰੂ ਤੋਂ ਹੀ ਇਹ ਵਿਚਾਰ ਰਿਹਾ ਹੈ ਕਿ ਧੀ ਨੂੰ ਵੀ ਪੁੱਤਰ ਦੇ ਬਰਾਬਰ ਸਮਾਜ ਵਿੱਚ ਸਨਮਾਨ ਦੀ ਅੱਖ ਨਾਲ ਦੇਖਿਆ ਜਾਵੇ, ਇਸੇ ਲਈ ਧੀਆਂ ਤੇ ਪੁੱਤਰਾਂ ਦੀ ਲੋਹੜੀ ਨੂੰ (ਬੇਬੀ ਡੇ) ਦੇ ਤੌਰ ਤੇ ਮਨਾਉਣ ਲਈ ਵੀ ਲੋਕ ਲਹਿਰ ਸ਼ੂਰੂ ਕੀਤੀ ਗਈ ਹੈ। ਦਲ ਖਾਲਸਾ ਅਲਾਇੰਸ ਦੀ ਸੋਚ ਰਾਹੀਂ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਨੂੰ ਅਕਾਲ ਤਖਤ ਸਾਹਿਬ ਵੱਲੋਂ ਵੀ ਸਨਮਾਨ ਪੱਤਰ ਪ੍ਰਾਪਤ ਹੋਇਆ ਹੈ। ਦਲ ਖਾਲਸਾ ਅਲਾਇੰਸ ਪੰਥਕ ਸੰਸਥਾਵਾਂ ਦੇ ਸਹਿਯੋਗ ਨਾਲ, ਸਿੱਖ ਸਮਾਜ ਅੰਦਰ ਫੈਲੀ ਲੋਹੜੀ ਦੇ ਨਾਮ ਦੀ ਕੁੜਤਣ ਨੂੰ ਵੀ ਦੂਰ ਕਰਨ ਲਈ, ਲੋਹੜੀ ਵਾਲੇ ਦਿਨ ਨੂੰ (ਬੇਬੀ ਡੇ) ਦੇ ਤੌਰ ਤੇ, ਵੱਡੀ ਪੱਧਰ ਤੇ ਮਨਾਉਣ ਲਈ ਅਤੇ ਪੰਥਕ ਸ਼ਖਸ਼ੀਅਤਾਂ ਨੂੰ ਸਨਮਾਨਤ ਕਰਨ ਲਈ ਜਨਵਰੀ 2014 ਵਿਚ ਯਤਨਸ਼ੀਲ ਹੈ। ਇਸ ਲੋਕ ਲਹਿਰ ਨੂੰ ਸਫਲ ਬਣਾਉਣ ਲਈ ਹੰਭਲਾ ਸਾਡਾ ਸਾਥ ਤੁਹਾਡਾ। ਤੁਹਾਡੇ ਮਿਲਵਰਤਣ ਅਤੇ ਵਿਚਾਰਾਂ ਦੀ ਉਡੀਕ ਰਹੇਗੀ।

Sam's Auto Repair & Services
Professional Auto Repairs & Services
BRAKE & LAMP INSPECTION
Domestic & Foreign Cars
STAR CERTIFIED TEST & REPAIR STATION
* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
649 West Elkhorn Blvd, Suite B
Rio Linda, CA 95673
(916) 992-9004

Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

ਦੇਸ਼ ਦੁਆਬਾ

## 57ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ

# ਯੁੱਗ ਪ੍ਰੀਵਰਤਕ ਡਾਕਟਰ ਅੰਬੇਦਕਰ

"ਮਨੁੱਖ ਨੂੰ ਜਿਊਣ ਲਈ ਸਿਰਫ ਰੋਟੀ ਹੀ ਨਹੀਂ ਚਾਹੀਦੀ ਸਗੋਂ ਉਸ ਦੇ ਕੋਲ ਦਿਮਾਗ ਹੈ, ਜਿਸ ਨੂੰ ਚੰਗੇ ਵਿਚਾਰਾਂ ਵਾਲੇ ਭੋਜਨ ਦੀ ਵੀ ਲੋੜ ਹੈ।'' ਇਹ ਸ਼ਬਦ ਭਾਰਤ ਦੇ ਮਹਾਨ ਸਪੂਤ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੇ ਹਨ ਜਿਹਨਾਂ ਨੂੰ ਮਾਡਰਨ ਭਾਰਤ ਦੇ ਨਿਰਮਾਤਾ ਨਾਲ ਵੀ ਨਿਵਾਜਿਆ ਜਾਂਦਾ ਹੈ, ਭਾਰਤੀ ਸੰਵਿਧਾਨ ਦੇ ਪਿਤਾਮਾ ਵੀ ਕਿਹਾ ਜਾਂਦਾ ਹੈ, ਦਲਿਤਾਂ ਦੇ ਰਹਿਬਰ ਵੀ ਕਿਹਾ ਜਾਂਦਾ ਹੈ ਅਤੇ ਔਰਤ ਵਰਗ ਦੇ ਮੁਕਤੀਦਾਤਾ ਵੀ ਕਿਹਾ ਜਾਂਦਾ ਹੈ ਅਤੇ ਇਕ ਬਹੁਪੱਖੀ ਸਮਾਜਿਕ, ਰਾਜਨੀਤਿਕ, ਆਰਥਿਕਤਾ ਦੇ ਨਾਲ ਨਾਲ ਧਾਰਮਿਕ ਯੁੱਗ ਪ੍ਰੀਵਰਤਕ ਇਨਸਾਨ ਵੀ ਕਿਹਾ ਜਾਂਦਾ ਹੈ।

ਇਸ ਯੁੱਗ ਪ੍ਰੀਵਰਤਕ ਇਨਸਾਨ ਦਾ ਜਨਮ 14 ਅਪ੍ਰੈਲ 1891 ਨੂੰ ਮਾਤਾ ਭੀਮਾ ਬਾਈ ਜੀ ਦੀ ਕੁੱਖੋਂ ਅਤੇ ਪਿਤਾ ਸੂਬੇਦਾਰ ਰਾਮਜੀ ਦੇ ਘਰ ਉਸ ਵਕਤ ਦੀ ਬੜੌਦਾ ਰਿਆਸਤ ਦੀ ਮਹੂ ਛਾਉਣੀ ਵਿਖੇ ਹੋਇਆ। ਡਾਕਟਰ ਅੰਬੇਦਕਰ ਦਾ ਜਨਮ ਇਕ ਐਸੇ ਸਮਾਜ ਅੰਦਰ ਹੋਇਆ ਜੋ ਭਾਰਤ ਦੇ ਮੂਲ ਨਿਵਾਸੀ ਅਤੇ ਪਿਤਾ ਪੁਰਖੀ ਇਸ ਦੇਸ਼ ਦੇ ਹੁਕਮਰਾਨ ਹੋਇਆ ਕਰਦੇ ਸਨ।

ਡਾਕਟਰ ਅੰਬੇਦਕਰ ਜੀ ਬਚਪਨ ਤੋਂ ਹੀ ਦਿਮਾਗੀ ਤੌਰ ਤੇ ਬਹੁਤ ਹੀ ਹੋਣਹਾਰ ਵਿਦਿਆਰਥੀ ਸਨ। ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਉਣਾ ਕੋਈ ਮੁਸ਼ਕਿਲ ਨਹੀਂ ਹੋਵੇਗਾ ਕਿ ਜਿਸ ਸਮਾਜ ਅੰਦਰ ਡਾਕਟਰ ਅੰਬੇਦਕਰ ਪੈਦਾ ਹੋਏ ਸਨ, ਉਸ ਸਮਾਜ ਨੂੰ ਪੜ੍ਹਨ ਸੁਣਨ, ਚੰਗਾ ਖਾਣ ਪੀਣ, ਚੰਗਾ ਰਹਿਣ ਸਹਿਣ, ਜ਼ਮੀਨ ਖਰੀਦਣ, ਰੱਖਣ ਦਾ ਹੱਕ ਨਹੀਂ ਸੀ, ਭਾਵ ਹਰ ਪ੍ਰਕਾਰ ਦੇ ਇਨਸਾਨੀ ਹੱਕਾਂ ਤੋਂ ਸੱਖਣੇ ਸਨ। ਅਜਿਹੇ ਸਮਾਜ ਵਿਚ ਪੈਦਾ ਹੋਏ ਡਾਕਟਰ ਅੰਬੇਦਕਰ ਨੇ ਵਿਦਿਅਕ ਯੋਗਤਾਵਾਂ ਵਿਚ ਐਮ. ਏ., ਪੀ. ਐਚ. ਡੀ. ਅਤੇ ਐਲ. ਐਲ. ਡੀ. ਦੀਆਂ ਡਿਗਰੀਆਂ ਕੋਲੰਬੀਆ ਯੂਨੀਵਰਸਿਟੀ ਯੂ. ਐਸ. ਏ. ਤੋਂ, ਡੀ. ਐਸ. ਸੀ. ਅਤੇ ਬਾਰ ਐਟ ਲਾਅ ਲੰਡਨ ਤੋਂ ਕੀਤੀਆਂ ਅਤੇ ਡੀ. ਲਿੱਟ ਦੀ ਡਿਗਰੀ ਉਸਮਾਨੀਆ ਯੂਨੀਵਰਸਿਟੀ ਭਾਰਤ ਤੋਂ ਪ੍ਰਾਪਤ ਕੀਤੀ।

ਇੰਨੀਆਂ ਡਿਗਰੀਆਂ ਦੇ ਬਾਵਜੂਦ ਵੀ ਡਾਕਟਰ ਅੰਬੇਦਕਰ ਦੀ ਪੜ੍ਹਾਈ ਦੀ ਭੁੱਖ ਕਦੇ ਖਤਮ ਨਹੀਂ ਸੀ ਹੋਈ। ਫਿਰ ਉਹਨਾਂ ਨੇ ਵਿਦਿਅਕ ਡਿਗਰੀਆਂ ਨਾਲ ਕੋਈ ਆਪਣਾ ਹੀ ਫਾਇਦਾ ਨਹੀਂ ਸੋਚਿਆ ਬਲਕਿ ਪੜ੍ਹ ਲਿਖ ਕੇ ਦੱਬੇ ਕੁਚਲੇ, ਗਰੀਬਾਂ ਅਤੇ ਸਮੂਹ ਔਰਤ ਵਰਗ ਦਾ ਕਲਿਆਣ ਕਰਕੇ ਭਾਰਤ ਨੂੰ ਮੁੜ ਤਰੱਕੀ ਦੀਆਂ ਲੀਹਾਂ ਤੇ ਤੋਰਿਆ। ਡਾਕਟਰ ਅੰਬੇਦਕਰ ਇਸ ਗੱਲ ਤੋਂ ਜਾਣੂ ਹੋ ਚੁੱਕੇ ਸਨ ਕਿ ਇਨਸਾਨ ਨੂੰ ਅਤੇ ਸਮਾਜ ਨੂੰ ਅੱਗੇ ਵਧਣ ਲਈ ਵਿੱਦਿਆ ਦੀ ਬਹੁਤ ਜ਼ਰੂਰਤ ਹੈ। ਵਿੱਦਿਆ ਹੀ ਅਕਲ ਦੀ ਕੂੰਜੀ ਹੈ ਜੋ ਹਰ ਇਨਸਾਨ ਨੂੰ ਹੋਰ ਜਾਗਰੂਕ ਬਣਾਉਂਦੀ ਹੈ। ਵਿੱਦਿਆ ਹੀ ਇਨਸਾਨ ਦੇ ਦਿਮਾਗ ਅਤੇ ਵਿਚਾਰਾਂ ਨੂੰ ਪ੍ਰਫੁੱਲਿਤ ਕਰਦੀ ਹੈ ਅਤੇ ਜ਼ਿੰਦਗੀ 'ਚ ਚੰਗੇ ਮਾੜੇ ਦੀ ਪਛਾਣ ਕਰਨ ਵਿਚ ਮਦਦ ਕਰਦੀ ਹੈ ਅਤੇ ਵਹਿਮਾਂ ਭਰਮਾਂ ਅਤੇ ਇਸ ਦੇ ਨਾਲ ਨਾਲ ਅਨੇਕਾਂ ਪ੍ਰਕਾਰ ਦੇ ਕਸ਼ਟਾਂ ਤੋਂ ਮੁਕਤੀ ਦਿਵਾਉਂਦੀ ਹੈ।

ਵਿੱਦਿਆ ਸਿਰਫ ਰੁਜ਼ਗਾਰ ਹੀ ਨਹੀਂ ਦਿਵਾਉਂਦੀ ਬਲਕਿ ਉਚ ਵਿੱਦਿਆ ਦੇ ਨਾਲ ਸਮਾਜ ਵਿਚ ਰੁਤਬਾ ਵੀ ਵਧਦਾ ਹੈ।

ਪੰਜਾਬ ਵਿਚ ਪਿਛਲੀ ਸਦੀ ਦੇ ਪਹਿਲੇ ਲੱਗਭੱਗ ਚਾਰ ਦਹਾਕਿਆਂ ਤੱਕ ਭਾਰਤ ਦੇ ਅਛੂਤ ਸਮਝੇ ਜਾਂਦੇ ਲੋਕਾਂ ਨੂੰ ਇਕ ਇੰਚ ਜ਼ਮੀਨ ਖਰੀਦਣ ਜਾਂ ਆਪਣੇ ਨਾਂ ਰੱਖਣ ਦਾ ਹੱਕ ਨਹੀ ਸੀ। ਇਸੇ ਤਰ੍ਹਾਂ ਜੱਟ/ਜਾਟਾਂ ਨੂੰ ਵੀ ਹੱਕ ਨਹੀਂ ਸੀ ਪ੍ਰੰਤੂ ਫਰਕ ਇੰਨਾ ਸੀ ਕਿ ਜੱਟ/ਜਾਟ ਆਪਣੇ ਨਾਂ ਘਰ ਵਾਲੀ ਜਗ੍ਹਾ ਦੀ ਮਾਲਕੀ ਲਿਖਵਾ ਸਕਦਾ ਸੀ ਪ੍ਰੰਤੂ ਵਾਹੀ ਵਾਲੀ ਜ਼ਮੀਨ ਕਿਸੇ ਹਿੰਦੂ ਦੇ ਨਾਂ ਹੀ ਹੁੰਦੀ ਸੀ ਪਰ ਦੂਸਰੀ ਤਰਫ ਅਛੂਤ ਬਰਾਦਰੀਆਂ ਨੂੰ ਆਪਣੇ ਘਰ ਤਾਂ ਕੀ ਉਹਨਾਂ ਦਾ 'ਦੇਹ-ਸ਼ਾਮਲਾਤ' ਦਾ ਵੀ ਹਿੱਸਾ ਆਪਣੇ ਨਾਂ ਲਿਖਵਾਉਣ ਦਾ ਹੱਕ ਨਹੀਂ ਸੀ। ਇਹ ਹੱਕ ਜੇਕਰ ਲੈ ਕੇ ਦਿੱਤੇ ਹਨ ਤਾਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਦਿੱਤੇ ਹਨ ਜਿਹਨਾਂ ਦਾ ਸਾਥ ਦਿੱਤਾ ਸੀ ਆਦਿ ਧਰਮ ਮੰਡਲ ਪੰਜਾਬ ਅਤੇ ਸਰ ਛੋਟੂ ਰਾਮ ਜੀ ਨੇ। ਇਨ੍ਹਾਂ ਹੱਕਾਂ ਲਈ ਸਰ ਛੋਟੂ ਰਾਮ ਨੇ ਡਾਕਟਰ ਅੰਬੇਦਕਰ ਤੱਕ ਪਹੁੰਚ ਕੀਤੀ ਸੀ। ਇਹ ਗੱਲ 1937 ਦੀ ਹੈ ਕਿ ਜਦੋਂ ਪਹਿਲੀ ਵਾਰ ਭਾਰਤ ਵਿਚ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਤਾਂ ਪੰਜਾਬ ਵਿਚ ਆਦਿ ਧਰਮ ਮੰਡਲ ਪੰਜਾਬ ਨੇ ਕੁੱਲ ਅੱਠ ਸੀਟਾਂ ਵਿਚੋਂ ਸੱਤ ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਤੇ ਜੋ ਅੱਠਵਾਂ ਐਮ. ਐਲ.ਏ. ਸ. ਮੂਲਾ ਸਿੰਘ ਕਾਂਗਰਸ ਵੱਲੋਂ ਜਿੱਤਿਆ ਸੀ, ਉਹ ਵੀ ਵਾਪਸ ਆਦਿ ਧਰਮ ਮੰਡਲ ਪੰਜਾਬ ਵਿਚ ਰਲ ਗਿਆ, ਜਿਸ ਦੇ ਪ੍ਰਧਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਸਨ। ਦੂਸਰੀ ਤਰਫ ਡਾਕਟਰ ਅੰਬੇਦਕਰ ਦੀ ਬਣਾਈ ਪਾਰਟੀ ਇੰਡੀਪੈਂਡੈਂਟ ਲੇਬਰ ਪਾਰਟੀ ਨੇ ਕੁੱਲ 17 ਸੀਟਾਂ ਵਿਚੋਂ 15 ਉਪਰ ਜਿੱਤ ਪ੍ਰਾਪਤ ਕੀਤੀ।

ਬਾਬਾ ਸਾਹਿਬ ਨੇ ਆਪਣੇ ਜੀਵਨ ਦਾ ਹਰ ਸਾਲ, ਹਰ ਦਿਨ, ਹਰ ਪਲ ਹੀ ਨਹੀਂ ਬਲਕਿ ਉਨ੍ਹਾਂ ਨੇ ਤਾਂ ਆਪਣੀ ਜ਼ਿੰਦਗੀ ਦਾ ਹਰ ਸਾਹ ਦੱਬੇ ਕੁਚਲੇ ਗਰੀਬ, ਬੇਸਹਾਰੇ ਅਤੇ ਸਮੂਹ ਔਰਤ ਵਰਗ ਦੀ ਭਲਾਈ ਹਿੱਤ ਲਗਾ ਦਿੱਤਾ ਅਤੇ ਦੂਸਰੀ ਤਰਫ ਇਸ ਦਾ ਇਹ ਮਤਲਬ ਵੀ ਨਹੀਂ ਨਿਕਲਦਾ ਕਿ ਉਹ ਕਿਸੇ ਧਰਮ ਦੇ ਖਿਲਾਫ ਸਨ ਜਾਂ ਉਹਨਾਂ ਦੀ ਭਲਾਈ ਨਹੀਂ ਚਾਹੁੰਦੇ ਸਨ। ਉਹ ਤਾਂ ਹਿੰਦੂ ਧਰਮ ਵਿਚ ਵੀ ਸੁਧਾਰ ਕਰਨਾ ਚਾਹੁੰਦੇ ਸਨ। ਉਹਨਾਂ ਨੇ ਬੜਾ ਜ਼ੋਰ ਲਗਾਇਆ ਕਿ "ਹਿੰਦੂ ਕੋਡ ਬਿਲ'' ਪਾਰਲੀਮੈਂਟ ਵਿਚ ਪੇਸ਼ ਹੋ ਕੇ ਪਾਸ ਹੋ ਜਾਏ ਪਰ ਉਸ ਵਕਤ ਦੀ ਨਹਿਰੂ ਵਜ਼ਾਰਤ ਨੇ ਪੇਸ਼ ਨਾ ਕੀਤਾ, ਜਿਸ ਕਰਕੇ ਡਾਕਟਰ ਅੰਬੇਦਕਰ ਨੇ ਅਸਤੀਫਾ ਦੇ ਦਿੱਤਾ। ਜੇਕਰ ਇਹ ਬਿਲ ਪੇਸ਼ ਹੋ ਕੇ ਪਾਸ ਹੋ ਜਾਂਦਾ ਤਾਂ ਇਸ ਨਾਲ ਹਿੰਦੂ ਧਰਮ ਲਈ ਕਲਿਆਣਕਾਰੀ ਸਾਬਤ ਹੋ ਸਕਣਾ ਸੀ।

ਇਸ ਪ੍ਰਕਾਰ ਕੁੱਲ ਮਿਲਾ ਕੇ ਬਾਬਾ ਸਾਹਿਬ ਨੇ ਸਾਰੀ ਉਮਰ ਭਰ ਗਰੀਬ ਲੋਕਾਂ ਅਤੇ ਔਰਤ ਵਰਗ ਦੀ ਭਲਾਈ ਲਈ ਸਫਲਤਾ ਪੂਰਵਕ ਸੰਘਰਸ਼ ਕੀਤਾ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਵਿਚ ਵਡਮੁੱਲਾ ਯੋਗਦਾਨ ਪਾਇਆ।

ਡਾਕਟਰ ਅੰਬੇਦਕਰ ਦਾ ਮਿਸ਼ਨ/ਫਲਸਫਾ ਮਹਾਨ ਹੈ ਜੋ ਸ਼ਾਂਤੀਪੂਰਵਕ ਨਿਰਵਿਘਨ ਆਪਣੀ ਰਫ਼ਤਾਰ ਚੱਲ ਰਿਹਾ ਹੈ।

ਅੱਜ ਦੇ ਦਿਨ (6 ਦਸੰਬਰ) ਡਾਕਟਰ ਅੰਬੇਦਕਰ ਨੂੰ ਉਹਨਾਂ ਦੇ 57ਵੇਂ ਪ੍ਰੀਨਿਰਵਾਣ ਦਿਵਸ ਮੌਕੇ ਸੱਚੀ ਸ਼ਰਧਾਂਜਲੀ ਤਾਂ ਇਹੀ ਹੋ ਸਕਦੀ ਹੈ ਕਿ ਅਸੀਂ ਇਕ ਇਨਸਾਨੀਅਤ ਨਾਤੇ ਇਕ ਚੰਗੇ ਇਨਸਾਨ, ਯੁੱਗ ਪ੍ਰੀਵਰਤਕ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੇ ਮਿਸ਼ਨ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕਰੀਏ।

**- ਪ੍ਰੇਮ ਕੁਮਾਰ ਚੁੰਬਰ**

# ਬੜਾ ਦਰਦਨਾਕ ਵਾਪਰਿਆ ਰਤਨਗੜ੍ਹ ਹਾਦਸਾ



**- ਨਿਰਮਲ ਚੌਹਾਨ**
**91-94631- 61691**

ਜੇਕਰ ਪੂਜਾ-ਪਾਠ ਜਗ-ਹਵਨ ਕਰਨਾ ਅਤੇ ਜਥੇ ਬਣਾ ਕੇ ਮੰਦਰਾਂ ਵਿਚ ਬੈਠੇ ਭਗਵਾਨ ਦੇ ਦਰਸ਼ਨ ਕਰਨ ਜਾਣਾਹੀ ਜਾਗਰੂਕਤਾ ਦੀ ਨਿਸ਼ਾਨੀ ਹੈ ਤਾਂ ਇਸ ਦੇਸ਼ ਦਾ ਦਲਿਤ ਤਬਕਾ ਐਨਾ ਜਾਗਰੂਕ ਹੋ ਚੁੱਕਾ ਹੈ ਕਿ ਉਸਨੂੰ ਹੁਣ ਦਲਿਤ ਜਾਂ ਛੋਟੀ ਜਾਤੀ ਦਾ ਕਹਿਣ ਦੀ ਕੋਈ ਵਜ੍ਹਾ ਨਹੀਂ।

ਜੇਕਰ ਪੰਡਤ ਨੂੰ ਦਕਸ਼ਣਾ ਚਾੜ੍ਹ ਕੇ ਉਸ ਦੇ ਪੈਰ ਛੂਹ ਕੇ ਵੱਡੇ ਹੋਣ ਜਾਂ ਮਾਲਦਾਰ ਹੋਣ ਦੀ ਨਿਸ਼ਾਨੀ ਹੈ ਤਾਂ ਯਕੀਨ ਮੰਨੋ ਕਿ ਦੇਸ਼ ਦੀ 38 ਫੀਸਦੀ ਦਲਿਤ ਅਤੇ ਆਦਿਵਾਸੀ ਆਬਾਦੀ ਹੁਣ ਵੱਡੀ ਅਤੇ ਮਾਲਦਾਰ ਹੋ ਚੁੱਕੀ ਹੈ। ਪਰ ਇਹ ਗੱਲ ਇਕ ਖੂਬਸੂਰਤ ਖਿਆਲ ਹੀ ਹੈ, ਜਿਸਨੂੰ ਦਲਿਤ ਭਾਈਚਾਰੇ ਨੂੰ ਸਮਝਣ ਨਹੀਂ ਦਿੱਤਾ ਜਾ ਰਿਹਾ, ਪਹਿਲਾਂ ਅਤੇ ਅੱਜ ਵੀ ਜਿਸ ਧਰਮ ਦਾ ਸਹਾਰਾ ਲੈ ਕੇ ਉਸ 'ਤੇ ਤਰ੍ਹਾਂ-ਤਰ੍ਹਾਂ ਦੇ ਜ਼ੁਲਮ ਕੀਤੇ ਗਏ ਅਤੇ ਜਾ ਰਹੇ ਹਨ, ਹੁਣ ਕਿਉਂ ਉਸੇ ਧਰਮ ਨੂੰ ਮੰਨਣ ਦੀ ਮਨਜ਼ੂਰੀ ਉਸ ਨੂੰ ਦਿੱਤੀ ਜਾ ਰਹੀ ਹੈ।

ਦੀਵਾਲੀ ਤੋਂ ਪਹਿਲਾਂ ਨਵਰਾਤਰੇ ਦੇ ਦਿਨਾਂ ਵਿਚ ਸਾਰੇ ਦੇਸ਼ ਵਿਚ ਤਿਉਹਾਰਾਂ ਦੀ ਰੌਣਕ ਰਹੀ। ਦੇਵੀ ਦੀਆਂ ਝਾਕੀਆਂ ਝੁੱਗੀਆਂ-ਝੌਂਪੜੀਆਂ ਵਿਚ ਵੀ ਲੱਗੀਆਂ ਅਤੇ ਛੋਟੀ ਜਾਤੀ ਵਾਲਿਆਂ ਨੇ ਗਰਬੇ ਦਾ ਮਜ਼ਾ ਵੀ ਨੱਚ-ਗਾ ਕੇ ਲੁੱਟਿਆ ਅਤੇ ਭਗਵਾਨ ਦੀ ਨੇੜਤਾ ਹਾਸਲ ਕਰਨ ਦੇ ਲਈ ਅੱਠ ਦਿਨਾਂ ਤੱਕ ਭੁੱਖੇ-ਤਿਹਾਏ ਰਹਿ ਕੇ ਆਪਣੇ ਸਰੀਰ ਨੂੰ ਤਕਲੀਫ ਵੀ ਦਿੱਤੀ। ਪਰ ਇਨ੍ਹਾਂ ਸਭ ਨਾਲੋਂ ਵੱਧ ਚਿੰਤਾ ਦੀ ਗੱਲ ਦਕਸ਼ਣਾ ਅਤੇ ਚੜ੍ਹਾਵਾ ਚਾੜ੍ਹ ਕੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਪੰਡਤਾਂ ਨੂੰ ਦੇਂਦੀ ਰਹੀ, ਜੋ ਹਕੀਕਤ ਵਿਚ ਧਰਮ ਨੂੰ ਮੰਨਣ ਦੀ ਇਕ ਨਾ ਸਮਝ ਆਉਣ ਵਾਲੀ ਸ਼ਰਤ ਹੈ। ਧਰਮ ਦਾ ਧੰਦਾ ਕਰਨ ਵਾਲੇ ਵੀ ਇਹਨਾਂ ਲੋਕਾਂ ਦੀ ਤਰ੍ਹਾਂ ਖੁਸ਼ ਹਨ ਕਿ ਨਵੇਂ ਗਾਹਕ ਵੱਧ ਰਹੇ ਹਨ। ਛੋਟੀ ਜਾਤੀ ਵਾਲੇ ਖੁਦ ਨੂੰ ਧਾਰਮਿਕ ਦਿਖਾਉਣ ਦੇ ਲਈ ਵੱਡੀ ਗਿਣਤੀ ਵਿਚ ਮੰਦਰਾਂ ਵੱਲ ਪਾਗਲਾਂ ਦੀ ਤਰ੍ਹਾਂ ਦੌੜੇ ਤੁਰੇ ਆ ਰਹੇ ਹਨ।

ਧਰਮ ਦੇ ਇਹਨਾਂ ਧੰਦੇਬਾਜ਼ਾਂ ਦੀ ਖੁਦਗਰਜ਼ੀ ਅਤੇ ਚਲਾਕੀ ਕਿਸੇ ਦੀ ਸਮਝ ਨਹੀਂ ਆ ਰਹੀ ਕਿ ਇਹ ਦਲਿਤਾਂ ਨੂੰ ਦਲਿਤ ਰੱਖਣ ਦਾ ਨਵਾਂ ਤਰੀਕਾ ਹੈ, ਜਿਸ ਵਿਚ ਹਿੰਦੂਵਾਦੀ ਸੰਗਠਨਾਂ, ਪੰਡੇ ਪੁਜਾਰੀਆਂ ਅਤੇ ਹਿੰਦੂਵਾਦੀ ਪਾਰਟੀਆਂ ਦੀ ਮਿਲੀਭੁਗਤ ਹੈ। ਇਸੇ ਮਿਲੀਭੁਗਤ ਨੇ ਬੀਤੇ ਦਿਨੀਂ ਮੱਧ ਪ੍ਰਦੇਸ਼ ਦੇ ਬੁੰਦੇਲਖੰਡ ਇਲਾਕੇ ਦੇ ਛੋਟੇ ਜ਼ਿਲ੍ਹੇ ਦਤੀਆ ਤੋਂ 55 ਕਿਲੋਮੀਟਰ ਦੂਰ ਬਣੇ ਰਤਨਗੜ੍ਹ ਦੇਵੀ ਮੰਦਰ ਵਿਚ ਦਰਦਨਾਕ ਹਾਦਸਾ ਕਰਵਾ ਦਿੱਤਾ, ਜਿਸਦੇ ਵਿਚ ਤਕਰੀਬਨ 125 ਲੋਕ ਮਾਰੇ ਗਏ।

ਇਹ ਸਾਰੇ ਲੋਕ ਦਲਿਤ ਸਨ, ਇਸ ਹਕੀਕਤ ਤੋਂ ਰਾਜਨੀਤਿਕ ਪਾਰਟੀਆਂ ਅਤੇ ਉਹਨਾਂ ਦੇ ਨੇਤਾ, ਹਿੰਦੂਵਾਦੀ ਸੰਗਠਨ ਅਤੇ ਮੀਡੀਆ ਵੀ ਸੱਚ ਕਹਿਣ ਤੋਂ ਮੂੰਹ ਫੇਰ ਰਿਹਾ ਹੈ।

ਕਿਹਾ ਜਾ ਰਿਹਾ ਹੈ ਕਿ ਸਾਡਾ ਦੇਸ਼ ਆਸਥਾਵਾਂ ਦਾ ਦੇਸ਼ ਹੈ। ਆਸਥਾ ਦੇ ਨਾਂ 'ਤੇ ਇਕ ਕੌੜਾ ਅਤੇ ਘਿਨੌਣਾ ਸੱਚ ਲੁਕਾਉਣ ਦੀ ਵਜ੍ਹਾ ਸਾਰਿਆਂ ਦੀ ਆਪਣੀ ਆਪਣੀ ਦੁਕਾਨਦਾਰੀ ਹੈ। ਹਕੀਕਤ ਵਿਚ ਦਲਿਤ ਅੱਤਿਆਚਾਰ ਦਾ ਇਹ ਨਵਾਂ, ਪਰ ਨਾਯਾਬ ਨਮੂਨਾ ਹੈ।

**ਮੱਚੀ ਭਗਦੜ, ਮਰੇ ਦਲਿਤ**

13 ਅਕਤੂਬਰ 2013 ਨੂੰ ਰਾਮਨੌਮੀ ਦੇ ਦਿਨ ਤਕਰੀਬਨ ਚਾਰ ਲੱਖ ਸ਼ਰਧਾਲੂ ਰਤਨਗੜ੍ਹ ਦੇਵੀ ਮੰਦਰ ਵਿਚ ਸਨ। ਇਹ ਮੰਦਰ ਕਦੀ ਡਕੈਤਾਂ (ਡਾਕੂਆਂ) ਦੀ ਪਨਾਹਗਾਹ ਹੋਇਆ ਕਰਦਾ ਸੀ। ਹੁਣ ਇੱਥੇ ਦਲਿਤ ਭਾਈਚਾਰੇ ਦੇ ਲੋਕ ਦਰਸ਼ਨ ਕਰਨ ਆਉਂਦੇ ਹਨ। ਹਾਦਸੇ ਦੇ ਦਿਨ ਸਵੇਰ ਦੇ ਤਕਰੀਬਨ 8 ਵਜੇ ਅਚਾਨਕ ਮੰਦਰ ਤੋਂ 2 ਕਿਲੋਮੀਟਰ ਦੂਰ ਸਿੰਧੂ ਨਦੀ 'ਤੇ ਬਣੇ ਪੁਲ 'ਤੇ ਭਗਦੜ ਮੱਚ ਗਈ, ਜਿਸ ਵਿਚ ਲੋਕ ਇਕ-ਦੂਜੇ ਨੂੰ ਮਿੱਧਦੇ ਹੋਏ ਭੱਜੇ, ਨਤੀਜਾ, ਕਈ ਲੋਕ ਜਾਨ ਬਚਾਉਣ ਲਈ ਪੁਲ ਦੇ 70 ਫੁੱਟ ਥੱਲੇ ਵੱਗ ਰਹੇ ਪਾਣੀ ਵਿਚ ਕੁੱਦ ਪਏ। ਇਸ ਦਿਨ ਭੀੜ ਨੂੰ ਕਾਬੂ ਕਰਨ ਦੇ ਲਈ ਸਿਰਫ ਦਰਜਨ ਕੁ ਪੁਲਿਸ ਵਾਲੇ ਹੀ ਤਾਇਨਾਤ ਸਨ, ਜੋ ਡਿਊਟੀ ਦੇ ਨਾਂ 'ਤੇ ਵਕਤ ਪਾਸ ਕਰਨ ਦੇ ਲਈ ਤਮਾਸ਼ਾ ਦੇਖ ਰਹੇ ਸਨ।

ਭਗਦੜ ਕਿਉਂ ਮੱਚੀ? ਇਯ ਸਵਾਲ ਦਾ ਜਵਾਬ ਵੀਉਸੇ ਦਿਨ ਸ਼ਾਮ ਤੱਕ ਮਿਲ ਗਿਆ ਕਿ ਮੌਜੂਦਾ ਪੁਲਿਸ ਵਾਲੇ ਟ੍ਰੈਕਟਰ-ਟਰਾਲੀ ਪੁਲ ਤੇ ਦਾਖਲ ਹੋਣ ਦੇਣ ਦੀ ਸੌ ਰੁਪਏ ਦੀ ਰਿਸ਼ਵਤ ਲੈ ਰਹੇ ਸਨ, ਜਿਸ ਨਾਲ ਦੋ ਵਾਹਨ ਆਪਸ ਵਿਚ ਟਕਰਾਏ ਤਾਂ ਪੁਲ 'ਤੇ ਜਾਮ ਲੱਗ ਗਿਆ।

ਇਸੇ ਵਿਚਾਲੇ ਸੂਬੇ ਦੇ ਸਿਹਤ ਮੰਤਰੀ ਨਰੋਤਮ ਮਿਸ਼ਰਾ ਦੇ ਆਉਣ ਦੀ ਖ਼ਬਰ ਪੁਲਿਸ ਵਾਲਿਆਂ ਨੂੰ ਮਿਲੀ ਤਾਂ ਭੀੜ ਨੂੰ ਕਾਬੂ ਕਰਨ ਦੇ ਲਈ ਲਾਠੀਆਂ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਨਾਲ ਗੱਲ ਨਾ ਬਣੀ, ਤਾਂ ਕਿਸੇ ਨੇ ਪੁਲ ਟੁੱਟਣ ਦੀ ਅਫਵਾਹ ਉਡਾ ਦਿੱਤੀ, ਇਸ ਤੇ ਲੋਕ ਜਾਨ ਬਚਾਉਣ ਦੇ ਲਈ ਦੌੜ ਪਏ। ਬੱਚੇ, ਬੁੱਢੇ ਅਤੇ ਔਰਤਾਂ ਭਗਦੜ ਦੀ ਵਲਗਣ ਵਿਚ ਆਏ। ਹੱਲਾ ਮੱਚਿਆ ਤਾਂ ਬੇਫਿਕਰੀ ਨਾਲ ਛੁੱਟੀ ਮਨਾ ਰਹੇ ਆਲਾ ਅਫਸਰ ਹੋਸ਼ ਵਿਚ ਆਏ, ਪਰ ਉਦੋਂ ਤੱਕ ਤਾਂ ਜੋ ਹੋਣਾ ਸੀ, ਹੋ ਚੁੱਕਿਆ ਸੀ। ਪ੍ਰਸ਼ਾਸਨ ਦੀ ਲਾਪਰਵਾਹੀ ਉਜਾਗਰ ਹੋਈ ਤਾਂ ਸਰਕਾਰ ਨੇ ਤੁਰੰਤ ਕੁਲੈਕਟਰ ਅਤੇ ਐਸ ਪੀ ਸਮੇਤ 37 ਮੁਲਾਜ਼ਮਾਂ ਨੂੰ ਬਰਖਾਸਤ ਕਰ ਇਸ ਹਾਦਸੇ ਦੀ ਜਾਂਚ ਦੇ ਲਈ ਆਯੋਗ ਬਿਠਾਉਣ ਦਾ ਐਲਾਨ ਕਰ ਦਿੱਤਾ।

ਮੁੱਖ ਮੰਤਰੀ ਸ਼ਿਵ ਰਾਜ ਸਿੰਘ ਚੌਹਾਨ ਨੇ ਮਾਰੇ ਗਏ ਲੋਕਾਂ ਦੇ ਪਰਿਵਾਰ ਵਾਲਿਆਂ ਨੂੰ ਡੇਢ ਲੱਖ ਰੁਪਏ ਅਤੇ ਜ਼ਖਮੀਆਂ ਨੂੰ ਪੱਚੀ ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕਰ ਦਿੱਤਾ। ਸਾਲ ਮਗਰੋਂ ਇਹੋ ਜਿਹੇ ਵੱਡੇ ਹਾਦਸੇ ਮੰਦਰਾਂ ਆਦਿ ਵਿਚ ਹੁੰਦੇ ਹਨ, ਪਰ ਲੋਕ ਇਹਨਾਂ ਤੋਂ ਕੋਈ ਸਬਕ ਨਹੀਂ ਸਿੱਖਦੇ।

**ਬਚੋ ਇਹੋ ਜਿਹੇ ਧਰਮ ਤੋਂ**

ਰਤਨਗੜ੍ਹ ਹਾਦਸੇ ਵਿਚ ਮਾਰੇ ਗਏ ਜ਼ਿਆਦਾਤਰ ਲੋਕ ਦਲਿਤ ਸਨ, ਜੋ ਭਿੰਡ, ਮੁਰੈਆ, ਧੌਲਪੁਰ, ਦਤਿਆ ਝਾਂਸੀ ਦੇ ਇਲਾਵਾ ਉਤਰ ਪ੍ਰਦੇਸ਼ ਦੇ ਕਾਨ੍ਹਪੁਰ ਤੋਂ ਲੈ ਕੇ ਇਟਾਵਾ, ਜਲੌਨ ਅਤੇ ਉਰਈ ਤੋਂ ਇੱਥੇ ਮਨੌਤੀ ਮੰਗਣ ਆਏ ਸਨ।

ਦਲਿਤਾਂ ਨੇ ਪਹਿਲਾਂ ਕਦੀ ਐਨੀ ਵੱਡੀ ਪੱਧਰ 'ਤੇ ਧਰਮ ਨੂੰ ਨਹੀਂ ਮੰਨਿਆ, ਪਰ ਹੁਣ ਮੰਨ ਰਹੇ ਹਨ, ਤਾਂ ਇਸ ਦੀ ਵਜ੍ਹਾ ਹਿੰਦੂਵਾਦੀ ਸੰਗਠਨਾਂ ਖਾਸ ਤੌਰ ਤੇ ਆਰ. ਐਸ. ਐਸ. ਦੇ ਸੇਵਕਾਂ ਦਾ ਪਿੰਡ ਪਿੰਡ ਜਾ ਕੇ ਧਰਮ ਪ੍ਰਚਾਰ ਕਰਨਾ ਹੈ। ਇਹਨਾਂ ਦੀ ਮਨਸ਼ਾ ਦਲਿਤਾਂ ਨੂੰ ਧਰਮ ਦੇ ਪ੍ਰਤੀ ਉਕਸਾਉਣ ਦੀ ਹੈ। ਇਸ ਨਾਲ ਵੋਟ ਅਤੇ ਨੋਟ ਦੋਵੇਂ ਜੋ ਮਿਲਦੇ ਹਨ। ਦਲਿਤ ਭਾਈਚਾਰਾ ਮਹਿਜ਼ ਇਸੇ ਗੱਲ 'ਤੇ ਖੁਸ਼ ਹੈ ਕਿ ਉਸ ਨੂੰ ਧਰਮ ਦੇ ਲਈ ਪੁੱਛਿਆ ਜਾ ਰਿਹਾ ਹੈ। ਕੱਲ੍ਹ ਤੱਕ ਜੋ ਉਚੀ ਜਾਤੀ ਵਾਲੇ ਜੁੱਤਾ ਮਾਰਦੇ ਸਨ, ਉਹੀ ਹੁਣ ਪੂਜਾ ਕਰਵਾ ਰਹੇ ਹਨ ਪਰ ਇਸ ਦੇ ਪਿੱਛੇ ਲੁਕੀ ਸਾਜਿਸ਼ ਉਹਨਾਂ ਨੂੰ ਸਮਝ ਨਹੀਂ ਆ ਰਹੀ ਹੈ। ਇਹ ਦਲਿਤਾਂ ਨੂੰ ਅੰਧ ਵਿਸ਼ਵਾਸੀ ਬਣਾਈ ਰੱਖਣ ਦੀ ਸਾਜਿਸ਼ ਹੈ, ਜਿਸ ਨਾਲ ਉਹ ਪੜ੍ਹ-ਲਿਖ ਕੇ ਪੈਸੇ ਵਾਲੇ ਨਾ ਬਣ ਜਾਣ; ਭਗਵਾਨ ਦੀ ਭਗਤੀ ਵਿਚ ਸਾਰਾ ਸਾਲ ਲੀਨ ਰਹਿਣਗੇ, ਬਦਹਾਲੀ ਜਿਉਂ ਦੀ ਤਿਉਂ ਰਹੇਗੀ ਅਤੇ ਜੋ ਪੈਸਾ ਉਹ ਕਮਾਉਣਗੇ, ਉਸ ਦਾ ਇਕ ਵੱਡਾ ਹਿੱਸਾ ਦਾਨ ਦਕਸ਼ਣਾ ਵਿਚ ਚੜ੍ਹਾ ਦੇਣਗੇ। ਇਹੋ ਜਿਹਾ ਹੋ ਵੀ ਰਿਹਾ ਹੈ, ਇਸ ਲਈ ਦਲਿਤਾਂ ਨੂੰ ਆਪਣੇ ਭਲੇ ਦੇ ਲਈ ਖੁਦ ਸੋਚਣਾ ਹੋਵੇਗਾ ਕਿ ਆਪਣਾ ਪੈਸਾ ਉਹ ਖੁਦ ਦੇ ਭਲੇ ਅਤੇ ਜ਼ਰੂਰਤਾਂ ਦੇ ਲਈ ਲਗਾਉਣ, ਧਰਮ ਦੇ ਨਾਂ ਤੇ ਆਪਣੀ ਮਿਹਨਤ ਦਾ ਪੈਸਾ ਬਰਬਾਦ ਨਾ ਕਰਨ।

# ਗੁਰੂ ਰਵੀਦਾਸ ਟੈਂਪਲ ਆਫ ਨਿਊਯਾਰਕ ਦੀਆਂ ਸੰਗਤਾਂ ਵਲੋਂ 'ਰਬਾਬ ਤੋਂ ਨਗਾਰੇ ਤਕ' ਨੂੰ ਅਥਾਹ ਹੁੰਗਾਰਾ

ਨਿਊਯਾਰਕ- ਬੀਤੇ ਐਤਵਾਰ 24 ਨਵੰਬਰ ਵਾਲੇ ਦਿਨ ਬਰੌਡਵੇ, ਜੈਕਸਨਹਾਈਟ ਸਥਿਤ ਪ੍ਰਸਿਧ ਗੁਰੂਘਰ ਸ੍ਰੀ ਗੁਰੂ ਰਵੀਦਾਸ ਟੈਂਪਲ ਆਫ ਨਿਊ ਯਾਰਕ ਵਿਖੇ ਫਿਲਮ 'ਰਬਾਬ ਤੋਂ ਨਗਾਰੇ ਤਕ' ਦਾ ਸ਼ੋਅ ਕੀਤਾ ਗਿਆ ਜਿਸ ਵਿਚ ਸੰਗਤਾਂ ਬੜੀ ਭਾਰੀ ਗਿਣਤੀ ਵਿਚ ਹਾਜਰ ਹੋਈਆਂ। ਕੁਝ ਸ਼ਰਾਰਤੀ ਅਨਸਰਾਂ ਵਲੋਂ ਗੁਰੂਘਰ ਵਿਚ ਬਦਅਮਨੀ ਫੈਲ-ਾਉਨ ਦੇ ਯਤਨ ਕੀਤੇ ਗਏ ਪਰ ਫਿਰ ਵੀ ਸੰਗਤਾਂ ਵੱਡੀ ਗਿਣਤੀ ਵਿਚ ਬੈਠੀਆਂ ਰਹੀਆਂ ਅਤੇ ਪ੍ਰਬੰਧਕਾਂ ਦੇ ਨਾਲ ਇਸ ਪੂਰੀ ਫਿਲਮ ਦਾ ਆਨੰਦ ਮਾਨਿਆ ਅਤੇ ਭਰਪੂਰ ਸ਼ਲਾਘਾ ਵੀ ਕੀਤੀ।



ਸ੍ਰੀ ਗੁਰੂ ਰਵੀਦਾਸ ਟੈਂਪਲ ਆਫ ਨਿਊ ਯਾਰਕ ਦੇ ਪ੍ਰਬੰਧਕਾਂ ਵਲੋਂ ਹਰਬਕਸ਼ ਸ਼ਿੰਘ ਲਾਟਾ ਦਾ ਸਨਮਾਨ ਕੀਤੇ ਜਾਨ ਵੇਲੇ।

ਫਿਲਮ ਦਾ ਸ਼ੋਅ ਗੁਰੂ ਘਰ ਵਿਖੇ ਦੁਪਹਿਰ ਦੇ ਸਪਤਾਹਿਕ ਦਿਵਾਨਾਂ ਦੀ ਸਮਾਪਤੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਨੂੰ ਧਿਆਨ ਵਿਚ ਰਖਦਿਆਂ ਸੁਖਆਸਨ ਕਰਨ ਉਪਰੰਤ ਸ਼ੁਰੂ ਹੋਇਆ।

ਫਿਲਮ ਨੂੰ ਸੰਗਤਾਂ ਨੇ ਬੜੇ ਧਿਆਨ ਅਤੇ ਦਿਲਚਸਪੀ ਨਾਲ ਵੇਖਿਆ। ਫਿਲਮ ਦੇ ਦੋਰਾਨ ਕਈ ਵਾਰ ਅਜੇਹੇ ਅਵਸਰ ਵੀ ਆਏ ਜਦੋਂ ਕਿ ਸੰਗਤਾਂ ਨੂੰ ਹੰਝੂ ਪੂੰਝਦੇ ਹੋਏ ਵੇਖਿਆ ਗਿਆ।

ਫਿਲਮ 'ਰਬਾਬ ਤੋਂ ਨਗਾਰੇ ਤਕ' ਦੀ ਸਮਾਪਤੀ ਤੇ ਗੁਰੂਘਰ ਦੇ ਮੁੱਖ ਸੇਵਾਦਾਰ ਨਿਰਮਲ ਸਿੰਘ ਨੇ ਕਿਹਾ ਕਿ ਇਸ ਫਿਲਮ ਦੀ ਖਾਸੀਅਤ ਇਹ ਹੈ ਕਿ ਇਹ ਕਿਤੇ ਵੀ ਆਪਣੇ ਵਿਸ਼ੇ ਵਸਤੂ ਤੋਂ ਲਾਂਭੇ ਨਹੀਂ ਹੁੰਦੀ ਅਤੇ ਸਿੱਖ ਗੁਰੂ ਕਾਲ ਨੂੰ ਜਿਸ ਸ਼ਿੱਦਤ ਨਾਲ ਸਿਰਜਿਆ ਗਿਆ ਹੈ, ਇਹ ਕਾਬਲੇ ਤਾਰੀਫ ਹੈ। ਉਨ੍ਹਾਂ ਨੇ ਕਿਹਾ ਕਿ ਅਜੇਹੇ ਪ੍ਰਾਜੈਕਟਾਂ ਤੇ ਕੰਮ ਹੁੰਦੇ ਰਹਿਣੇ ਚਾਹੀਦੇ ਹਨ ਤਾਂ ਕਿ ਮੋਜੂਦਾ ਅਤੇ ਆਉਣ ਪੀੜੀ ਆਪਣੀਆਂ ਸ਼ਾਨਾਮਤੀ ਤਵਾਰੀਖਾਂ ਤੋਂ ਜਾਣੂੰ ਹੁੰਦੀ ਰਹੇ। ਉਨ੍ਹਾਂ ਫਿਲਮ ਦੇ ਨਿਰਮਾਤਾ-ਨਿਰਦੇਸ਼ਕ ਹਰਬਕਸ਼ ਸ਼ਿੰਘ ਲਾਟਾ ਅਤੇ ਉਨ੍ਹਾਂ ਦੀ ਪੂਰੀ ਟੀਮ ਦੀ ਪ੍ਰਸੰਸਾ ਕੀਤੀ।

ਸੰਗਤ ਵਿਚੋਂ ਇਕ ਸਜਨ ਦਾ ਤਾਂ ਇਹ ਕਹਿਨਾ ਸੀ ਕਿ ਸਾਡੇ ਬਚਿਆਂ ਨੂੰ ਅੰਗਰੇਜ਼ੀ ਸਬ ਟਾਈਟਲ ਹੋਨ ਦੇ ਕਾਰਨ ਪਹਿਲੀ ਵਾਰ ਸਿੱਖ ਹਿਸਟਰੀ ਬਾਰੇ ਪਤਾ ਲਗਾ ਹੈ ਕਿ ਸਾਡਾ ਵਿਰਸਾ ਕਿੰਨਾ ਮਹਾਨ ਹੈ।

ਗੁਰੂਘਰ ਦੀ ਪ੍ਰਬੰਧਕੀ ਕਮੇਟੀ ਵਲੋਂ ਹਰਬਕਸ਼ ਸ਼ਿੰਘ ਲਾਟਾ ਨੂੰ ਇਸ ਮਹਾਨ ਕਾਰਜ ਲਈ ਸਿਰੋਪਾਉ ਅਤੇ ਪਲੈਕ ਦੇ ਨਾਲ ਸਨਮਾਨਿਤ ਕੀਤਾ ਗਿਆ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



"I have never claimed to be a universal leader of suffering humanity. The problem of the untouchables is quite enough for my slender strength. I do not say that other causes are not equally noble. But knowing that life is short, one can only serve one cause and I have never aspired to do more than serve the Untouchables."
*- Bodhisatta Babasaheb Dr. B.R.Ambedkar*

ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ 57ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।



ਸ਼ਿੰਗਾਰਾ ਸਿੰਘ ਰੱਲ੍ਹ ਤੇ ਉਹਨਾਂ ਦੀ ਸੁਪਤਨੀ

## ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਟੈਂਪਲ) ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

My final words of advice to you are "Educate, Agitate and Organize"; have faith in yourself. With justice on our side I do not see how we can lose our battle. The battle to me is a matter of joy. The battle is in the fullest sense spiritual. There is nothing material or social in it. For ours is a battle not for wealth or for power. It is battle for freedom. It is the battle of reclamation of human personality. *- Dr. B. R. Ambedkar*




ਬਾਬਾ ਸਾਹਿਬ ਡਾ.ਅੰਬੇਦਕਰ ਜੀ ਦੇ 57ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।

# Dollars Mart

## KUMAR investments



Mr, Vinod Kumar Chumber and his Family

# ਵਿਨੋਦ ਕੁਮਾਰ ਚੁੰਬਰ

ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਬੇ-ਏਰੀਆ (ਕੈਲੇਫੋਰਨੀਆ)
ਵਾਈਸ ਪ੍ਰੈਜ਼ੀਡੈਂਟ ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ (ਕੈਲੇਫੋਰਨੀਆ)

# 510-733-3300

# ਸਤਿਗੁਰੂ ਨਾਮਦੇਵ ਜੀ

## 'ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ'॥



ਐਚ.ਐਲ. ਕਪੂਰ
916-504-0218

ਦੱਖਣ ਤੋਂ ਪੈਦਾ ਹੋਏ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਦੱਖਣੀ ਭਾਰਤ ਵਿਚ ਦੇਵਤਾਵਾਦ ਦਾ ਭਾਰੀ ਬੋਲਬਾਲਾ ਹੁਣ ਤੱਕ ਰਿਹਾ ਹੈ। ਕੁਦਰਤ ਦੀ ਬਖ਼ਸ਼ੀ ਹਰ ਦਾਤ ਕੁਝ ਵੀ ਮਹੱਤਵ ਤੇ ਵਿਲੱਖਣਤਾ ਰੱਖਦੀ ਸ਼ਕਤੀ, ਦੇਵਤਾ ਮੰਨ ਲਈ ਜਾਂਦੀ ਸੀ। ਦਰਖਤਾਂ ਨੂੰ ਬਨ ਦੇਵਤਾ, ਪਹਾੜਾਂ ਨੂੰ ਗਿਰਦੇਵਤਾ, ਇੰਦਰ ਨੂੰ ਮੀਂਹ ਪਾਉਣ ਵਾਲਾ ਦੇਵਤਾ ਮੰਨਿਆ ਜਾਂਦਾ ਸੀ। ਵਾਯੂ, ਸੂਰਜ, ਚੰਦ, ਨਦੀ, ਦਰਿਆ ਸਭ ਚੀਜ਼ਾਂ ਦੇਵਤੇ ਮੰਨ ਕੇ ਪੂਜੀਆਂ ਜਾਂਦੀਆਂ ਸਨ। ਦੱਖਣ ਦੇਸ਼, ਜਿਸ ਵਿਚ ਵਰਤਮਾਨ ਆਂਧਰਾ, ਕਰਨਾਟਕਾ, ਤਾਮਿਲ, ਕੇਰਲਾ ਅਤੇ ਕੁਝ ਇਸ ਵੇਲੇ ਦੇ ਮਹਾਂਰਾਸ਼ਟਰ ਦਾ ਭਾਗ ਆਉਂਦਾ ਹੈ, ਵੈਸ਼ਨਵ ਧਰਮ ਦੀ ਮੁਢਲੀ ਕਰਮ ਭੂਮੀ ਰਹੀ ਹੈ।

ਵੈਦਿਕ ਧਰਮ ਮਰਿਆਦਾ, ਜੀਵਾਂ ਤੋਂ ਮਨੁੱਖਾਂ ਤੱਕ ਦੀਆਂ ਕੁਰਬਾਨੀਆਂ, ਸ਼ਰੁਤੀਆਂ ਸਿਮਰਤੀ ਦੀ ਮਰਿਆਦਾ, ਬ੍ਰਾਹਮਣੀ ਧਰਮ, ਪਿੱਛੋਂ ਪ੍ਰੋਹਤਵਾਦ ਦੇ ਅਡੰਬਰ ਇਕ ਤੋਂ ਵਧੀਕ ਦਖਲ ਅੰਦਾਜ਼ ਰਹੇ। ਬਿਨਾਂ ਪ੍ਰੋਹਤ ਦੀ ਵਿਚੋਲਗੀ ਤੋਂ ਕੀਤੇ ਕਿਸੇ ਤਰ੍ਹਾਂ ਦੇ ਧਰਮ ਦਾ ਕਰਮ, ਪੁੰਨਦਾਨ ਉਚੇਚੇ ਕਰਕੇ ਪ੍ਰਵਾਨ ਹੋਣਾ ਨਹੀਂ ਮੰਨਿਆ ਜਾਂਦਾ ਸੀ। ਇਸ ਕਿਸਮ ਦੇ ਅਡੰਬਰੀ, ਕਰਮਕਾਂਡੀ, ਬ੍ਰਾਹਮਣੀ, ਸ਼ਾਸਤਰੀ, ਧਰਮਾਂ ਦੇ ਜਾਲ ਦੀਆਂ ਤੰਦਾਂ ਬੁੱਧ ਮੱਤ ਨੇ ਤੋੜੀਆਂ, ਵਿਅਕਤੀ ਦੇ ਚਿੰਤਨ ਨੂੰ ਸੁਤੰਤਰਤਾ, ਧਰਮ ਦੇ ਇਖ਼ਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ। ਬੋਧ ਮੱਤ ਦਾ ਸੁੰਨਵਾਦੀ ਚਿੰਤਨ, ਧਾਰਮਿਕ ਸਮਾਜ ਦੇ ਭਗਤੀ ਭਾਵ ਉਤੇ ਨਾਸਤਿਕਤਾ ਦੇ ਪ੍ਰਭਾਵ ਪਾਉਂਦੀ ਸੀ। ਇਸ ਦੀਆਂ ਸ਼ਾਖਾਂ, ਸਿੱਧਾਂ, ਨਾਥਾਂ, ਯੋਗੀਆਂ ਉਤੇ ਤਾਂ ਅਸਰ ਹੋਣੇ ਹੀ ਸਨ, ਉਸ ਸਮੇਂ ਦੇ ਪ੍ਰਬੁੱਧ ਵਿਦਵਾਨ ਸ਼ੰਕਰਾਚਾਰੀਆ ਜਿਹਿਆਂ ਦੇ 'ਦਰਸ਼ਨ' ਵਿਚ ਵੀ ਕਈ ਅੰਸ਼ ਰਲ਼ ਗਏ ਸੀ, ਜਿਸ ਕਾਰਨ ਸ਼ੰਕਰਾਚਾਰੀਆ ਨੂੰ ਅੰਦਰੋਂ ਬੋਧੀ ਹੋਣ ਦੀ ਤੁਹਮਤ ਝੱਲਣੀ ਪਈ ਸੀ। ਪਰ ਇਹ ਗੱਲ ਯਕੀਨਨ ਹੋ ਕੇ ਸ਼ੰਕਰਾਚਾਰੀਆ ਵਰਗੇ ਅਚਾਰੀਆ ਨੇ ਹੀ ਭਾਰਤ ਵਿਚੋਂ ਆਪਣੀ ਵਿਦਵਤਾ ਨਾਲ ਤੇ ਆਪਣੇ 'ਦਰਸ਼ਨ' ਦੁਆਰਾ ਬੁੱਧਮਤ ਤੇ ਜੈਨ ਮੱਤ ਦੀ ਭਾਜ ਲੁਆਈ। ਗਿਆਨ ਤੇ ਮੰਤਕ ਦੇ ਬਲ ਨਾਲ ਹੀ ਭਾਰਤ ਵਿਚੋਂ ਇਹਨਾਂ ਧਰਮਾਂ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਆਪਣੇ ਮੱਤ ਅਦਵੈਤਵਾਦ ਦਾ ਪ੍ਰਭਾਵ ਹਰ ਥਾਂ ਫੈਲਾਇਆ, ਗੀਤਾ ਅਤੇ ਬ੍ਰਹਿਮਸੂਤਰ ਦੇ 'ਭਾਸ਼' ਲਿਖ ਕੇ ਵੈਦਿਕ ਧਰਮ ਨੂੰ ਨਵੀਂ ਪਰਿਭਾਸ਼ਾ ਦਿੱਤੀ। ਆਪਣੇ ਮੱਤ ਨੂੰ ਸਾਰਥਕ ਆਧਾਰ ਦਿੱਤੇ। ਪ੍ਰਾਚੀਨ ਵੈਦਿਕ ਧਰਮ ਨੂੰ ਨਵੇਂ ਅਰਥ ਦੇ ਕੇ ਮੁੜ ਸੁਰਜੀਤ ਕੀਤਾ। ਬੋਧਾਂ ਤੇ ਜੈਨੀ ਪ੍ਰਚਾਰਕਾਂ ਦੀਆਂ ਦਲੀਲਾਂ, ਤਰਕਾਂ ਦਾ ਖੰਡਨ ਕਰਕੇ ਆਪਣੇ ਵਿਚਾਰਾਂ ਨੂੰ ਠੀਕ ਦੱਸਿਆ। ਉਨ੍ਹਾਂ ਕਿਹਾ ਵੈਦ ਮੱਤ ਜਾਂ ਵੇਦਾਂਤ ਦਾ ਗਿਆਨ ਹੀ ਜੀਵ ਲਈ ਮੁਕਤੀ ਦਾਤਾ ਹੈ।

ਸ਼ੰਕਰਾਚਾਰੀਆ ਨੇ 'ਚਾਰ ਮੱਠ' ਅਦਵੈਤ ਮੱਤ ਦੇ ਵਿਚਾਰਾਂ ਦੇ ਵਿਸਥਾਰ ਲਈ ਸਥਾਪਤ ਕੀਤੇ। ਮਠਾਂ ਦੇ ਨਾਲ ਹੀ ਉਚੀ ਤੇ ਸੂਖਮ ਧਾਰਮਿਕ ਵਿੱਦਿਆ ਦੇ ਪ੍ਰਬੰਧ ਕੀਤੇ ਗਏ। 'ਸ਼੍ਰਿੰਗੇਰੀ' ਮੱਠ ਨਾਲ ਸਬੰਧਤ ਮਹਾਂ-ਵਿਦਿਆਲੇ ਵਿਚ ਰਾਮਾਨੁਜ ਨੇ ਵਿੱਦਿਆ ਪ੍ਰਾਪਤ ਕਰਨੀ ਆਰੰਭੀ। (ਰਾਮਾਨੁਜ ਦਾ ਜੀਵਨ ਕਾਲ 1019 ਈਸਵੀ, ਜਨਮ ਨਗਰ ਮਦਰਾਸ ਪਾਸ ਤੇਰੂਕੰਦਰ ਹੈ)

ਰਾਮਾਨੁਜ ਨੇ ਆਪਣੀ ਪਾਰਖੂ ਚੇਤਨਾ ਨਾਲ ਸਮਝ ਲਿਆ ਕਿ ਤੁਸੀਂ ਸ਼ੰਕਰਾਚਾਰੀਆ ਦੀ ਅਦਵੈਤਵਾਦੀ ਵਿਚਾਰਧਾਰਾ ਦਾ ਪ੍ਰਚਾਰਕ ਨਹੀਂ ਬਣਨਾ ਸਗੋਂ ਸ਼ੰਕਰਾਚਾਰੀਆ ਵੱਲੋਂ ਫੈਲਾਏ ਜਾ ਰਹੇ ਪ੍ਰਛੰਨ-ਬੋਧਮਤੀ ਨਾਸਤਕਵਾਦ ਦਾ ਵਿਰੋਧ ਵੀ ਕਰਨਾ ਹੈ। ਸ਼ੰਕਰਾਚਾਰੀਆ ਜੀਵ ਦੇ ਬੰਧਨ ਦਾ ਕਾਰਨ ਅਵਿੱਦਿਆ ਨੂੰ ਮੰਨਦਾ ਸੀ। ਇਹ ਵੀ ਕਹਿੰਦਾ ਸੀ ਕਿ ਅਵਿੱਦਿਆ ਦਾ ਨਾਸ਼ ਗਿਆਨ ਕਰਦਾ ਹੈ। ਹੋਰ ਕਿਸੇ ਕਰਮ ਨਾਲ ਜੀਵ ਦੇ ਬੰਧਨ ਨਹੀਂ ਟੁੱਟਦੇ। ਰਾਮਾਨੁਜ ਸਰਗੁਣਵਾਦੀ, ਭਗਤੀ ਉਪਾਸਨਾ ਰਾਹੀਂ ਮੁਕਤੀ ਸੰਭਵ ਮੰਨਦੇ ਸਨ।

ਕੁਝ ਸਮੇਂ ਪਿੱਛੋਂ ਸਰਗੁਣਵਾਦੀ ਧਾਰਾ ਦੀਆਂ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ ਵੈਸ਼ਨਵ, ਦੂਜਾ ਸ਼ੰਕਰਾਚਾਰੀਆ ਨੂੰ, ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ ਸ਼ੈਵਮਤ। ਇਸ ਵਿਚਾਰਧਾਰਾ ਦੇ ਵਖਰੇਵੇਂ ਕਾਰਨ ਵੈਸ਼ਨਵ ਅਤੇ ਸ਼ੈਵਮਤੀ ਭਗਤੀ ਦਲਾਂ ਵਿਚਕਾਰ ਮਾਰੂ ਝਗੜੇ ਸ਼ੁਰੂ ਹੋ ਗਏ। ਤਾਮਿਲ ਇਲਾਕਿਆਂ ਵਿਚ ਸ਼ੈਵਾਂ ਦਾ ਜ਼ੋਰ ਵੱਧ ਜਾਣ ਕਾਰਨ ਰਾਮਾਨੁਜ ਨੂੰ ਆਪਣੀ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਤੇ ਉਹ ਮਦਰਾਸ ਛੱਡ ਕੇ ਮੈਸੂਰ ਪਾਸ ਸ੍ਰੀ ਰੰਗਮਪੁਰ ਵਿਖੇ ਆਪਣਾ ਟਿਕਾਣਾ ਬਣਾ ਲਿਆ।

ਰਾਮਾਨੁਜ ਜੀ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਚਿੰਤਨ ਪੱਖੋਂ ਮੌਲਿਕ ਰੂਪ ਇਹ ਦਿੱਤਾ- ਜੀਵ, ਬ੍ਰਹਮ ਭਗਤੀ ਦਾ ਉਹ ਸਬੰਧ ਹੈ, ਜੋ ਅੱਗ ਕੋਲੇ ਅਤੇ ਉਸ ਵਿਚੋਂ ਨਿਕਲਣ ਵਾਲੀਆਂ ਚਿਣਗਾਂ ਦਾ ਤਪਸ਼ ਦਾ ਹੁੰਦਾ ਹੈ। ਭਗਤੀ ਉਹ ਉਪਾਸਨਾ ਹੈ ਜੋ ਅੱਗ ਵਿਚ ਪੈ ਕੇ ਅੱਗ ਬਣ ਜਾਂਦੀ ਹੈ, ਭਾਵੇਂ ਉਹ ਖੁਦ ਅੱਗ ਨਹੀਂ ਹੁੰਦੀ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲ ਕੇ ਕ੍ਰਿਸ਼ਨ ਲੀਲਾ ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਰਾਧਾ ਭਗਤੀ ਨੂੰ ਪ੍ਰਚਾਰਨ ਹਿਤ ਵਧੇਰੇ ਕੰਮ ਨਿੰਬਾਰਕ ਅਚਾਰੀਆ ਦਾ ਸੀ। ਇਸ ਤਰ੍ਹਾਂ ਕ੍ਰਿਸ਼ਨ ਜੀ ਨੂੰ, ਵਿਸ਼ਣੂ ਦਾ ਇਸ ਧਰਤੀ ਉਤੇ ਪਰਉਪਕਾਰ ਕਰਨ ਲਈ, 'ਭਗਤ ਹੇਤ ਅਵਤਾਰ' ਧਾਰ ਕੇ ਆਉਣਾ ਅਤੇ ਕ੍ਰਿਸ਼ਨ ਭਗਤੀ ਨੂੰ ਪ੍ਰਾਪਤੀ ਦਾ ਸਾਧਨ ਪ੍ਰਚਾਰਿਆ ਜਾਣ ਲੱਗਾ। ਇਸ ਤਰ੍ਹਾਂ 'ਰਾਧਾ ਕ੍ਰਿਸ਼ਨ' ਭਗਤੀ ਦੀ ਇਸ ਸ਼ਾਖ ਉਤੇ ਬਿਰਹਾ ਦੇ ਭੰਵਰੇ ਮੰਡਰਾਉਂਦੇ, ਪ੍ਰੇਮ ਪ੍ਰੀਤ ਦੀਆਂ ਗੂੰਜਾਂ ਪਾਉਣ ਲੱਗੇ।



ਉਕਤ ਭਗਤੀ ਦੀ ਇਸ ਵਿਧੀ ਨਾਲ, ਕ੍ਰਿਸ਼ਨ ਜੀ ਨਾਲ ਜੋੜ ਕੇ ਅਨੇਕ ਕਿਸਮ ਦੀਆਂ ਕਲਪਿਤ ਤੇ ਦੈਵੀ ਸ਼ਕਤੀਆਂ ਜੋੜ ਲਈਆਂ ਗਈਆਂ। ਧੜਾਧੜ ਰਾਜ ਘਰਾਣਿਆਂ ਤੇ ਆਮ ਜਨਤਾ ਨੇ ਦੱਖਣ ਵਿਚ ਪੌਰਾਣਿਕ ਦੇਵਤਿਆਂ ਦੇ ਨਾਮਾਂ ਤੇ ਮੰਦਰਾਂ ਦੀ ਉਸਾਰੀ ਕਰ ਲਈ ਅਤੇ ਭਗਤੀ ਦੀਆਂ ਨੌਂ ਰੀਤਾਂ ਬਣਾਈਆਂ ਗਈਆਂ। ਸ਼੍ਰੀਮਦ ਭਗਵਤ ਨੇ ਭਗਤੀ ਦੇ ਨੌਂ ਪ੍ਰਕਾਰ ਇਹ ਦੱਸੇ ਹਨ: - ਸ਼੍ਰਵਣ ਕਰਨਾ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਾ ਬੰਦਨਾ, ਦਾਸਭਾਵ, ਸਾਖਾਭਾਵ, ਆਤਮ, ਨਿਵੇਦਨ। ਇਸ ਨਾਲ ਅੰਧ-ਵਿਸ਼ਵਾਸ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ ਜਾਂ ਕੁਕਰਮਾਂ ਵਾਲੀ ਕਰਮਕਾਂਡੀ ਦੀਆਂ ਭਗਤੀ ਦੀਆਂ ਅਨੇਕਾਂ ਦੁੱਖ ਭਰੀਆਂ ਰੀਤਾਂ ਚੱਲੀਆਂ ਜਿਵੇਂ:- ਸਿਰ ਪਰਨੇ ਚੱਲ ਕੇ ਦੇਵ ਪੂਜਾ ਕਰਨੀ, ਅਸ਼ਟਾਂਗ ਪ੍ਰਣਾਮ ਕਰਦੇ ਹੋਇਆਂ ਲੰਮੇ ਪੈ ਕੇ ਉੱਠਣਾ ਫਿਰ ਲੇਟ ਕੇ ਯਾਤਰਾ ਕਰਨੀ, ਜੀਭ ਕੱਟ ਕੇ ਦੇਵਤੇ ਨੂੰ ਚੜ੍ਹਾਉਣੀ, ਬੁੱਲ੍ਹ ਸੀਓਂ ਲੈਣੇ, ਇਕ ਤੋਂ ਵੱਧ ਦੂਜੇ ਸਰੀਰਕ ਕਸ਼ਟਾਂ ਨੂੰ ਭਗਤੀ ਮੰਨਿਆ ਜਾਣ ਲੱਗਾ। ਮੂਰਤੀਆਂ ਦੀ ਸਥਾਪਨਾ ਨੇ ਸਾਰੇ ਹੱਦ-ਬੰਨ੍ਹੇ ਪਾਰ ਕਰ ਦਿੱਤੇ। ਇੱਥੇ ਇਤਿਹਾਸਕਾਰ 'ਸੇਰਿੰਗ' ਲਿਖਦਾ ਹੈ- ''ਭਾਰਤ ਦੇ ਲੋਕਾਂ ਨਾਲੋਂ ਮੂਰਤੀਆਂ ਵਧੇਰੇ ਹਨ।'' ਸੱਤਵੀਂ-ਅੱਠਵੀਂ ਸਦੀ ਵਿਚ ਮੂਰਤੀ ਪੂਜਾ ਸਿਖਰਾਂ ਤੇ ਪੁੱਜ ਗਈ। ਜਿਸ ਵੀ ਭਗਤ ਵਿਚ ਜਿਹੋ-ਜਿਹੀ ਭਾਵਨਾ ਉਤਪੰਨ ਹੋਈ, ਉਸੇ ਤਰ੍ਹਾਂ ਦੀ ਉਸ ਨੇ ਮੂਰਤੀ ਖੜ੍ਹੀ ਕਰ ਲਈ।

ਬ੍ਰਾਹਮਣਾਂ ਦਾ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਇਸ ਕਿਸਮ ਦੀ ਦੇਵ ਭਗਤੀ ਨੂੰ ਉਤਸ਼ਾਹ ਦਿੰਦੇ ਰਹਿਣਾ ਕੁਦਰਤੀ ਸੀ। ਜਨ ਸਧਾਰਨ ਤੋਂ ਲੈ ਕੇ ਵਿਸ਼ੇਸ਼ ਜਾਤੀਆਂ ਦੀ ਪੂਜਾ-ਅਰਚਨਾ, ਪ੍ਰੋਹਿਤ ਅਚਾਰੀਆ ਵਿਧੀ ਅਨੁਸਾਰ , ਜੋ ਬ੍ਰਾਹਮਣ ਕਿਰਿਆ ਕਰਾਉਂਦੇ ਸਨ ਉਹੋ ਸਫਲ ਕਰਮ ਮੰਨੇ ਜਾਂਦੇ ਸਨ। ਬ੍ਰਾਹਮਣਾਂ ਦੇ ਝੁੰਡ ਮੰਦਰਾਂ ਦੇ ਆਸ ਪਾਸ ਮੰਡਰਾਉਂਦੇ ਰਹਿੰਦੇ ਸਨ। ਛੂਤ-ਛਾਤ ਦੇ ਭੂਤ ਤੋਂ ਕੁਲੀਨ ਲੋਕ ਡਰਦੇ ਸਨ। ਅਛੂਤਾਂ ਨੂੰ ਮਾਰਗਾਂ ਉਤੇ ਤੁਰਨ ਸਮੇਂ, ਪੈਰਾਂ ਦੇ ਚਿੰਨ੍ਹ ਮਿਟਾਉਣ ਲਈ ਆਪਣੇ ਪਿੱਛੇ ਛਾਪੇ ਬੰਨ੍ਹ ਕੇ ਚੱਲਣਾ ਪੈਂਦਾ ਸੀ, ਤਾਂ ਕਿ ਭ੍ਰਿਸ਼ਟ ਲੋਕਾਂ ਦੀ ਪੈੜ ਦੀ ਮਿੱਟੀ ਕੁਲੀਨ ਲੋਕਾਂ ਨੂੰ ਭਿੱਟ ਨਾ ਚਾੜ੍ਹ ਦੇਵੇ। ਪਰ ਰਾਮਾਨੁਜ ਜੀ ਨੇ ਇਸ ਪੱਖੋਂ ਉਦਾਰਤਾ ਦਿਖਾਈ ਤੇ ਐਲਾਨ ਕੀਤਾ ਕਿ ਸਭ ਜਨ ਸਧਾਰਨ ਲਈ ਭਗਤੀ ਦੇ ਦੁਆਰ ਖੁੱਲ੍ਹੇ ਹਨ। ਪ੍ਰੰਤੂ ਬ੍ਰਾਹਮਣ ਪ੍ਰਭਾਵੀ ਸਮਾਜ ਵਿਚ, ਇਸ ਭਗਤੀ ਦੀ ਖੁੱਲ੍ਹ ਦੀ, ਰੱਜ ਕੇ ਵਿਰੋਧਤਾ ਹੋਈ।

ਭਗਤੀ ਮੱਤ ਦੇ ਇਸ ਸੰਖੇਪ ਜਿਹੇ ਪਿਛੋਕੜ ਤੋਂ ਜਾਣੂ ਹੋਣਾ ਇਸ ਲਈ ਜ਼ਰੂਰੀ ਸੀ, ਕਿਉਂਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜਿਹਨਾਂ ਭਗਤਾਂ ਦੀ ਬਾਣੀ ਦਰਜ ਹੈ, ਜਿਸ ਆਚਾਰੀਆ ਦੇ ਪਹਿਲਾਂ ਪ੍ਰਮੁੱਖ ਚੇਲੇ ਸਨ, ਉਹਨਾਂ ਦਾ ਪਿੱਛਾ ਰਾਮਾਨੰਦ ਤੋਂ ਰਾਮਾਨੁਜ ਨਾਲ ਜੁੜਦਾ ਹੈ।

ਸਵਾਮੀ ਰਾਮਾਨੰਦ ਦੇ ਅਚਾਰੀਆ ਰਾਮਾਨੁਜ ਪੱਧਤੀ ਦੇ ਚੌਧਵੇਂ ਅਚਾਰੀਆ ਸਨ। ਇਹਨਾਂ ਭਗਤਾਂ ਦੇ ਸਮਕਾਲੀ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਵੀ ਸਨ। ਇਹਨਾਂ ਮਹਾਨ ਭਗਤਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬੇਸ਼ੱਕ ਨਾਮਦੇਵ ਜੀ ਤੇ ਤ੍ਰਿਚੋਲਨ ਜੀ, ਮਹਾਂਰਾਸ਼ਟਰੀ (ਦੱਖਣੀ) ਵੱਖਰੀ ਪੱਧਤੀ ਦੀ ਸ਼ਾਖ ਦੇ ਫੁੱਲ ਸਨ, ਪ੍ਰੰਤੂ ਉਹਨਾਂ ਦਾ ਰਾਮਾਨੰਦ ਜੀ ਨਾਲ ਮੇਲ ਹੋਣ ਦੇ ਵੀ ਪ੍ਰਮਾਣ ਮਿਲਦੇ ਹਨ। ਇਸ ਤੋਂ ਉੱਤਰੀ ਭਾਰਤ ਤੇ ਦੱਖਣ ਦੇ ਭਗਤਾਂ ਦੇ ਸਮਕਾਲੀ ਹੋਣ ਦੀ ਭੂਮਿਕਾ ਵੀ ਸਾਹਮਣੇ ਆਉਂਦੀ ਹੈ। ਭਗਤ ਰਾਮਾਨੰਦ ਜੀ, ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ ਸੰਪਰਦਾਇ- ਰਾਮਾਨੁਜੀ ਕ੍ਰਿਸ਼ਨ ਭਗਤੀ ਤੋਂ ਵੱਖਰੀ ਰਾਮ ਭਗਤ ਸ਼ਾਖਾ ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ। ਇਸ ਤਰ੍ਹਾਂ ਕ੍ਰਿਸ਼ਨ ਭਗਤੀ ਤੋਂ ਜੋ ਭਗਤੀ ਮੱਤ ਦੀ ਪਹਿਲੀ ਪ੍ਰਚਲ ਪ੍ਰਣਾਲੀ ਸੀ ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉਤਰੀ ਭਾਰਤ ਵਿਚ ਭਗਤ ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ। ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਨ੍ਹਾਂ ਸਭ ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

ਇਤਿਹਾਸਕਾਰਾਂ ਅਨੁਸਾਰ ਪਹਿਲੀ ਵਾਰ ਨਾਮਦੇਵ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਦੱਖਣ ਦੇ ਕੁਮਾਰ ਤੀਰਥ ਉਤੇ ਹੋਇਆ। ਦੂਜੀ ਵਾਰ ਜਨਮਸਾਖੀ ਮਿਹਰਬਾਨ ਜੀ ਵਾਲੀ ਅਨੁਸਾਰ ਅਯੁੱਧਿਆ ਵਿਚ ਮੇਲ ਹੋਇਆ। ਅਯੁੱਧਿਆ ਵਿਚ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਰਨ ਲਈ ਸ੍ਰੀ ਸੈਣ ਜੀ ਗੁਰੂ ਨਾਨਕ ਦੇਵ ਜੀ ਤੋਂ ਮਿਲਾਪ ਕਰਨ ਦੀ ਆਗਿਆ ਲੈਣ ਲਈ ਸਾਰੀ ਭਗਤ ਮੰਡਲੀ ਵੱਲੋਂ ਗਏ। ਇਸ ਵਿਚ ਸ੍ਰੀ ਨਾਮਦੇਵ ਜੀ ਵੀ ਸ਼ਾਮਲ ਸਨ। ਇਹਨਾਂ ਮਿਲਣੀਆਂ ਵਿਚ ਸਭ ਭਗਤ ਗੁਰੂਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਤੇ ਨਿਰਗੁਣ ਵਿਚਾਰਧਾਰਾ ਦਾ ਪ੍ਰਭਾਵ ਪਿਆ। ਖੂਬ ਵਿਚਾਰ ਵਟਾਂਦਰਾ ਹੋਇਆ। ਇਸ ਸਚਿਆਈ ਦਾ ਵਰਣਨ ਖੁਦ ਨਾਮਦੇਵ ਜੀ ਦੀ ਬਾਣੀ ਦੀ ਇਸ ਸੱਤਰ ਤੋਂ ਮਿਲਦਾ ਹੈ- ''ਗਿਆਨ ਅੰਜਨੁ ਸੋ ਕਉ ਗੁਰਿ ਦੀਨਾ।''

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਨਾਮਦੇਵ ਜੀ ਦੀ ਬਾਣੀ 'ਚ ਰਾਗਾਂ ਵਿਚ ਆਉਂਦੀ ਹੈ। ਰਾਗਾਂ ਦੇ ਨਾਂ ਇਸ ਪ੍ਰਕਾਰ ਹਨ:- 1. ਗੌਂਡ, 2. ਮਾਲੀ ਗਉੜਾ, 3. ਮਾਰੂ, 4. ਭੈਰਉ, 5. ਬਸੰਤ, 6. ਸਾਰੰਗ, 7. ਮਲਾਰ, 8. ਕਾਨੜਾ, 9. ਪ੍ਰਭਾਤੀ, 10. ਗਾਉੜੀ, 11 ਆਸਾ, 12. ਗੂਜਰੀ, 13. ਸੋਰਠ, 14. ਧਨਾਸਰੀ, 15. ਟੋਡੀ, 16. ਤਿਲੰਗ, 17. ਬਿਲਾਵਲ, 18. ਰਾਮਕਲੀ। ਕੁੱਲ ਪਦੇ 61 ਹਨ। ਤਿੰਨ ਸ਼ਲੋਕ ਕਬੀਰ ਜੀ ਦੇ ਸ਼ਲੋਕਾਂ ਵਿਚ ਲਿਖੇ ਹੋਏ ਹਨ।

ਨਾਮਦੇਵ ਜੀ ਦੀ ਸਰਲ ਜਿਹੀ ਹਿੰਦੀ ਵਿਚ ਮਿਲਦੀ ਹੋਰ ਬਾਹਰਲੀ ਬਾਣੀ ਸ਼ਾਮਲ ਕਰਕੇ ਕੁੱਲ ਪਦੇ 234 ਕਹੇ ਜਾਂਦੇ ਹਨ। ਹਿੰਦੀ ਅਤੇ ਮਰਾਠੀ ਵਿਦਵਾਨ ਨਾਮਦੇਵ ਜੀ ਦੀ ਇਸ ਰਚਨਾ ਨੂੰ 'ਹਿੰਦੀ ਪਦਾਵਲੀ' ਦਾ ਨਾਮ ਦਿੰਦੇ ਹਨ। ਮਰਾਠੀ ਵਿਚ ਨਾਮਦੇਵ ਜੀ ਦੇ ਨਾਮ ਹੇਠ 'ਅਭੰਗਾਂ' (ਗੀਤਾ) ਦੀ ਗਿਣਤੀ 25 ਹਜ਼ਾਰ ਤੱਕ ਚਲਦੀ ਹੈ। ਮਰਾਠੀ ਦੇ ਕਵੀ, ਸੰਤ ਭਗਤ, ਰਚਨਾਕਾਰ ਘੱਟੋ ਘੱਟ ਛੇ ਨਾਮਦੇਵ ਪ੍ਰਸਿੱਧ ਹਨ। ਕਿਉਂਕਿ 'ਅਭੰਗ' ਸਾਰਿਆਂ ਦੇ ਇਕੱਠੇ ਕੀਤੇ ਹੋਏ ਹਨ। ਇਸ ਗੱਲ ਦਾ ਪਤਾ ਲਾਉਣਾ ਕਿਸ ਸੰਤ ਭਗਤ ਜਾਂ ਰਚਨਾਕਾਰ ਦੇ ਕਿੰਨੇ 'ਅਭੰਗ' ਹਨ ਇਕ ਲੰਮੀ ਪੜਤਾਲ ਦਾ ਵਿਸ਼ਾ ਹੈ। ਇਸ ਗੱਲ ਦਾ ਨਿਰਣਾ ਅਜੇ ਤੱਕ ਨਹੀਂ ਹੋ ਸਕਿਆ ਤੇ ਨਿਰਣੇ ਕਰਨਾ ਵੀ ਅਸੰਭਵ ਜਾਪਦਾ ਹੈ। ਮਹਾਂਰਾਸ਼ਟਰ ਸਰਕਾਰ ਨੇ ਇਕ ਵੱਡ-ਆਕਾਰੀ ਗ੍ਰੰਥ 'ਨਾਮਦੇਵ ਗਾਥਾ' ਜਿਸ ਦੇ 1150 ਸਫ਼ੇ ਹਨ, ਛਾਪਿਆ ਹੈ। ਜਿਸ ਵਿਚ ਇੱਧਰੋਂ ਉਧਰੋਂ ਜੋ ਵੀ ਨਾਮਦੇਵ ਦੇ ਨਾਮ ਨਾਲ ਰਚਨਾ ਮਿਲਦੀ ਸੀ, ਸਭ ਕੁਝ ਇਕੱਠਾ ਕਰਕੇ ਛਾਪ ਦਿੱਤਾ ਹੈ। ਹਿੰਦੀ ਪਦੇ, ਜਿਹਨਾਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਾਲੇ ਪਦੇ ਵੀ ਸ਼ਾਮਲ ਹਨ।

'ਪ੍ਰਾਚੀਨ ਮਰਾਠੀ ਸੰਤ ਕਵੀ' ਅਨੁਸਾਰ ਨਾਮਦੇਵ ਜੀ ਛੇ ਹੋਏ ਹਨ। ਜਿਹਨਾਂ ਦੇ 'ਅਭੰਗ' ਮਰਾਠੀ ਵਿਚ ਗਾਏ ਜਾਂਦੇ ਹਨ। 'ਹਿੰਦੀ ਨਿਰਗੁਣ ਕਾਵਯ, ਕਾ ਪ੍ਰਾਰੰਭ ਔਰ ਨਾਮਦੇਵ ਜੀ ਕੀ ਹਿੰਦੀ ਕਵਿਤਾ।' ਡਾ. ਸੰ. ਕੇ. ਅਡੇਕਰ ਦਾ ਪੀ. ਐਚ. ਡੀ. ਦਾ ਖੋਜ ਨਿਬੰਧ ਹੈ, ਇਸ ਪੂਰੇ ਨਿਬੰਧ ਵਿਚ ਛੇ ਨਾਮਦੇਵ ਹੋਣ ਦੀ ਪੁਸ਼ਟੀ ਵੇਰਵੇ ਦੇ ਕੇ ਇਸ ਤਰ੍ਹਾਂ ਕੀਤੀ ਗਈ ਹੈ-

ਪਹਿਲੇ ਨਾਮਦੇਵ ਨੂੰ ਗਿਆਨੇਸ਼ਵਰ ਦਾ ਸਮਕਾਲੀ ਦੱਸਿਆ ਹੈ। ਵੇਹ ਕੁਛ ਅਭੰਗੋਂ ਮੇਂ ਆਪਨੇ ਨਾਮ ਕਾ ਉਲੇਖ ਕੇਵਲ 'ਨਾਮਾ' ਸ਼ਬਦ ਸੇ ਕਰਤੇ ਹੈ। ਕੁਝ ਅਭੰਗੋਂ ਮੇਂ ਅਪਨੇ ਨਾਮ ਕਾ ਉਲੇਖ ''ਵਿਸਹਾਰ ਨਾਮਾ' ਸ਼ਬਦ ਸੇ ਕਰਤੇ ਹੈ ਤਥਾ ਵਿਸ਼ਣੂਦਾਸ ਨਾਮਾ ਆਦਿ ਮੁਦ੍ਰਾਯੋ ਦੁਆਰਾ ਅਪਨਾ ਪ੍ਰੀਚਯ ਦੇਤੇ ਹੈਂ।''

ਦੂਜੇ ਵਿਸ਼ਣੂਦਾਸ ਨਾਮ, 'ਨਾਮਦੇਵ ਕੇ ਮਰਾਠੀ ਅਭੰਗ ਤਥਾ ਹਿੰਦੀ ਪਦੋਂ ਮੇਂ ਵਿਸ਼ਣੂ ਦਾਸ ਨਾਮਾ ਕਾ ਨਾਮ ਬਾਰ-ਬਾਰ ਆਇਆ ਹੈ। ਉਨ ਕਾ ਕਾਲ 1580-1633 ਕੇ ਮਧਯ ਹੈ ਦੋਨੋਂ ਮੇਂ ਢਾਈ ਸੌ ਵਰਸ਼ ਕਾ ਅੰਤਰ ਹੈ।'

ਤੀਜਾ ਨਾਮ ਪਾਠਕ: ਸੰਤ ਇਕਾਨਾਥ ਕ੍ਰਿਤ ਮਾਲਾ ਵਿਚ ਇਸ ਨਾਮੇ ਦਾ ਉਲੇਖ ਆਉਂਦਾ ਹੈ।

ਚੌਥਾ ਨਾਮਦੇਵ ਸਿੰਪੀ- 'ਮਹਾਨ ਭਾਵੀ ਪੰਥੀ ਏਕ ਅਨਯ ਵਿਅਕਤੀ ਨਾਮਦੇਵ ਭੀ ਪ੍ਰਸਿੱਧ ਹੈ ਜਿਸ ਦਾ ਉਲੇਖ ਮਹਾਨ ਭਾਵ ਪੰਥੀ ਗਿਆਨੇਸ਼ਵਰ ਕਾਲ ਕਾ ਮਾਨਤੇ ਹੈਂ, ਅਪਨੇ ਆਪ ਕੋ ਵਿਸਨੂੰਦਾਸ ਨਾਮਾ ਜੀ ਲਿਖਤੇ ਹੈਂ।

(ਗਿਆਨਦੇਵ ਅਤੇ ਗਿਆਨੇਸ਼ਵਰ ਨੂੰ ਇਕ ਮੰਨਣ ਵਾਲਿਆਂ ਦਾ ਹੀ ਇਹ ਮਤ ਹੋ ਸਕਦਾ ਹੈ। ਅਸਲ ਵਿਚ ਇਹੋ ਹੀ ਉਹ ਨਾਮਦੇਵ ਹਨ ਜਿਹਨਾਂ ਨੂੰ ਪਛਾਨਣਾ ਹੈ।)

ਪੰਜਵਾਂ ਨਾਮਦੇਵ ਮਹਾਨ ਭਾਵ ਪੰਥੀ ਏਕ ਔਰ ਨਾਮਦੇਵ ਭੀ ਪ੍ਰਸਿੱਧ ਹੈ, ਜਿਸ ਕਾ ਉਲੇਖ ਮਹਾਨ ਭਾਵ ਪੰਥ ਕੇ ਪ੍ਰਸਿੱਧ ਗ੍ਰੰਥ 'ਬਿਠੁਲ ਬੀਰੂ ਕਥਨ' ਨਾਮ ਪ੍ਰਕਰਣ ਮੇਂ ਆਤਾ ਹੈ। ਯਹ ਕੋਲੀ (ਮਛੂਆ ਜਾਤੀ ਕਾ ਥਾ)

ਛੇਵਾਂ ਬਲਕ੍ਰੀੜਾ ਕਰਤਾ ਨਾਮਦੇਵ, ਇਸ ਕੇ ਬਾਲ ਲੀਲਾ ਕੇ ਅਭੰਗ ਬਹੁਤ ਹੀ ਮਧੁਰ ਹੈ ਕਿੰਤੂ ਇਨ ਅਭੰਗੋਂ ਕੀ ਭਾਸ਼ਾ ਪ੍ਰਾਚੀਨ ਪ੍ਰਤੀਤ ਹੋਤੀ ਹੈ। ਉਸ ਨੇ ਆਪਨੇ ਏਕ ਅਭੰਗ ਮੇਂ ਵਿਸੋਵਾ ਖੇਤਰ ਕਾ ਉਲੇਖ ਕੀਆ ਹੈ।

ਅਸੀਂ ਇਨ੍ਹਾਂ ਛੇ ਨਾਮਦੇਵਾਂ ਵਿਚੋਂ ਉਸ ਨਾਮਦੇਵ ਦੀ ਪਛਾਣ ਕਰਨੀ ਹੈ, ਜਿਸ ਨਾਮਦੇਵ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ, ਉਹ ਨਾਮਦੇਵ ਜੀ ਕਿਹੜੇ ਹਨ? 'ਸਕਲ ਸੰਤ ਗਾਥਾ' ਗ੍ਰੰਥ ਵਿਚ ਨਾਮਦੇਵ ਛਾਪ ਹੇਠਾਂ ਪੰਝੀ ਹਜ਼ਾਰ ਅਭੰਗ ਦੱਸੇ ਹੋਏ ਹਨ। ਇਨ੍ਹਾਂ ਵਿਚ ਪੰਜ ਸੌ, ਵੱਧ ਤੋਂ ਵੱਧ ਛੇ ਸੌ ਅਭੰਗ ਹੀ ਉਸ ਅਸਲ ਨਾਮਦੇਵ ਦੇ ਮੰਨੇ ਜਾਂਦੇ ਹਨ, ਜੋ ਸਿੰਪੀ (ਛੀਂਬਾ) ਸੀ। ਜਿਸ ਨਾਲ ਕਈ ਚਮਤਕਾਰ ਜੁੜੇ ਹੋਏ ਹਨ। ਕਈ ਨਾਮਦੇਵ ਹੋਣ ਕਾਰਨ ਇਕ ਦੂਜੇ ਨਾਲ ਪ੍ਰਸੰਗ ਅਤੇ ਰਚਨਾ ਮੇਲਣ ਦੀ ਖਿੱਚੋਤਾਣ ਖੋਜਕਾਰਾਂ ਵਿਚ ਚਲਦੀ ਆ ਰਹੀ ਹੈ। ਅਲੱਗ ਅਲੱਗ ਖੋਜਕਾਰਾਂ ਤੇ ਵਿਦਵਾਨਾਂ ਦੀ ਅਲੱਗ ਅਲੱਗ ਰਾਏ ਹੈ ਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜੋ ਬਾਣੀ ਨਾਮਦੇਵ ਜੀ ਦੀ ਆਈ ਹੈ, ਉਹ ਉਕਤ ਦੱਸੇ ਗਏ ਚੌਥੇ ਸਥਾਨ ਤੇ ਆਏ ਨਾਮਦੇਵ ਸਿੰਪੀ ਜੀ ਦੀ ਹੈ, ਜੋ ਗਿਆਨਦੇਵ ਵੈਸ਼ਣਵ ਦੇ ਸਮਕਾਲੀ ਸਨ। ਇਸ ਗੱਲ ਨੂੰ ਮਹਾਨ ਵਿਦਵਾਨ ਸ੍ਰੀ ਭਾਰਦਵਾਜ ਨੇ ਆਪਣੀ ਪੁਸਤਕ 'ਗਿਆਨੇਸ਼ਵਰ ਵ ਗਿਆਨ ਦੇਵ' ਵਿਚ ਉਦਾਹਰਣਾਂ ਸਹਿਤ ਪ੍ਰਮਾਣ ਦੇ ਕੇ ਦੱਸਿਆ ਹੈ। ਉਹਨਾਂ ਦੇ ਕਥਨ ਯਥਾਰਥ ਦੇ ਕਾਫੀ ਨੇੜੇ ਮੰਨੇ ਜਾਂਦੇ ਹਨ।

ਨਾਮ ਛੀਂਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਰਾਤ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਅਵਹਿ ਕੋਇ ਨ ਮੇਟੇ ਭਾਈ॥

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਭਗਤਾਂ ਦਾ ਸਭ ਤੋਂ ਪਹਿਲਾ ਉਕਤ ਵਰਣਨ ਮਹਲਾ ਤੀਜਾ ਗੁਰੂ ਅਮਰਦਾਸ ਜੀ ਦੀ ਬਾਣੀ ਸਿਰੀ ਰਾਗ, ਵਿਚ ਆਇਆ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿਚ ਕਿਸੇ ਭਗਤ ਦਾ ਜਾਂ ਉਨ੍ਹਾਂ ਦੀ ਬਾਣੀ ਦਾ ਕੋਈ ਜ਼ਿਕਰ ਨਹੀਂ ਕੀਤਾ।

ਇਸ ਤੋਂ ਪਤਾ ਚਲਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਭਗਤਾਂ ਦੀ ਬਾਣੀ, ਗੁਰਬਾਣੀ ਦੀਆਂ ਪੋਥੀਆਂ ਵਿਚ ਲਿਖੇ ਜਾਣ ਦਾ ਕਰਮ ਚੱਲਿਆ। ਆਦਿ ਬੀੜ ਦੀ ਰਚਨਾ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੀ ਭਗਤ ਮਾਲਾ ਤੇ ਹੋਰ ਪ੍ਰਾਚੀਨ ਗ੍ਰੰਥਾਂ ਮੁਤਾਬਕ ਸ਼ਬਦ ਤੇ ਬਾਣੀਆਂ ਇਕੱਠੀਆਂ ਕਰਨ ਲਈ ਦੂਰ-ਦੂਰ ਤੱਕ ਹੁਕਮ ਭੇਜੇ, ਭਾਈ ਪੈੜਾ ਕੋਹਲੀ ਜਿਹੇ ਸਿੱਖਾਂ ਨੂੰ ਲੰਕਾ ਭੇਜ ਕੇ ਪ੍ਰਾਣ ਸੰਗਲੀ ਆਦਿ ਰਚਨਾਵਾਂ ਮੰਗਵਾਈਆਂ।

ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚੋਂ ਸਾਨੂੰ ਜੀਵਨ ਜਾਂਚ ਸਿੱਖਣ ਲਈ ਤੇ ਅਧਿਆਤਮਕ ਜੀਵਨ ਜਿਊਣ ਲਈ ਅਨੇਕ ਪ੍ਰਕਾਰ ਦੀ ਸੇਧ ਮਿਲਦੀ ਹੈ।

ਉਹਨਾਂ ਸਿੱਖਿਆਵਾਂ ਤੇ ਅਮਲ ਕਰਕੇ ਵਧੀਆ ਮਾਨਵ ਬਣਿਆ ਜਾ ਸਕਦਾ ਹੈ। ਉਨ੍ਹਾਂ ਦੀ ਬਾਣੀ ਜੋ ਯੋਧਪੁਰ ਵਾਲੀ ਪੋਥੀ ਵਿਚ ਦਰਜ ਹੈ, ਉਸ ਵਿਚੋਂ ਕੁਝ ਟੂਕਾਂ ਨਿਮਨ ਲਿਖਤ ਅਨੁਸਾਰ ਹਨ:-

ਸਾਚਾ ਤੁਮਹਾਰ ਨਾਉ ਹੈ, ਝੂਠਾ ਸਭ ਸੰਸਾਰ॥
ਮਨਸ਼ਾ ਬਾਚਾ ਉਨਮੁਨਾ, ਕਲਿ ਕੇਵਲ ਨਾਮ ਆਧਾਰ॥
ਦੁਨੀਆਂ ਮੈ ਦੋ ਜੁਗੁਘਣਾ, ਦਾਰਣਦੁਖ ਅਧਿਕ ਅਪਾਰ॥
ਚਰਨ ਕਵਲ ਕੀ ਮੌਜ ਮੈ ਮੋਹਿ ਰਾਖਹੁ ਸਿਰਜਨਹਾਰ॥

(ਬਾਕੀ ਅਗਲੇ ਸਫੇ ਤੇ)

# ਸਤਿਗੁਰੂ ਨਾਮਦੇਵ ਜੀ

ਮੈ ਤੋ ਬਿਚ ਪਰਦਾ ਕਿਹਾ ਲੋਭ ਬਛਾਈ ਕਾਮ।।
ਕੋ ਏਕ ਹਰਿਜਨ ਉਬਰੇ, ਜਿਨਿ ਸਿਮਰਿਆ ਨਿਹਚਲ ਰਾਮ।।
ਲੋਕ ਬੇਦ ਕੇ ਸੰਗ ਬ੍ਰਹਮਾ, ਸਲਿਲ ਮੋਹ ਕਾ ਧਾਰ।।
ਜਨ ਨਾਮਦੇਵ ਕੇ ਸਵਾਮੀ ਬੀਠੁਲਾ, ਮੋਹਿ ਖੇਵਿ ਉਤਾਰੋ ਪਾਰ।।

ਉਕਤ ਪਦਾ ਨਾਮਦੇਵ ਜੀ ਦੀ ਪਰਪੱਕ ਅਧਿਆਤਮਕ ਅਵਸਥਾ ਦਾ ਪ੍ਰਮਾਣ ਹੈ। ਇਸਦਾ ਕਾਵਿ ਰੂਪ ਭੀ ਸਲੋਕਾਂ ਵਾਲਾ ਹੀ ਹੈ।

ਬਿਸਨੁਦਾਸ ਨਾਮਪਦ ਦੀ ਵਰਤੋਂ ਵੀ ਇਕ ਤੁਕ ਵਿਚ ਆਈ ਹੈ ਜਿਸ ਤੋਂ ਨਾਮਦੇਵ ਜੀ ਦੇ ਵੈਸ਼ਨਵ ਹੋਣ ਦਾ ਪਤਾ ਲੱਗਦਾ ਹੈ।

ਬਿਸਨੁ ਦਾਸ ਨਾਮਾ ਇਹਿਆ ਸੰਗੇ ਭੇਟੀ ਲਾ ਸੇਈ।।

ਇਕਾਦਸ਼ੀ ਵਰਤ ਜੋ ਨਾਮਦੇਵ ਜੀ ਪਹਿਲਾਂ ਰੱਖਦੇ ਰਹੇ, ਫਿਰ ਵਿਰੋਧੀ ਹੋ ਗਏ, ਬਾਹਰਲੀ ਬਾਣੀ ਵਿਚ ਭੀ ਵਿਰੋਧੀ ਪ੍ਰਭਾਵੀ ਜ਼ਿਕਰ ਆਉਂਦਾ ਹੈ:-

'ਏਕਾਦਸ਼ੀ ਵਰਤ ਕਰੇ ਕਾਹੇ ਕੋ ਤੀਰਥ ਜਾਈ।।''

ਗੁਰੂ ਸ਼ਬਦ ਨੂੰ ਬੈਕੁੰਠ ਦਾ ਸਾਧਨ ਮੰਨਿਆ ਹੈ-

ਗੁਰੂ ਕੈ ਸ਼ਬਦ ਬੈਕੁੰਠ ਨਿ ਸਰਦੀ।
ਹਿਰਦੈ ਰਾਗ ਪ੍ਰੇਮ ਰਸ ਬਾਣੀ।।

ਸਤਿਨਾਮ ਸ਼ਬਦ ਦੀ ਵਰਤੋਂ ਭੀ, ਜੋਧਪੁਰੀ ਪੋਥੀ ਦੇ ਇਨ੍ਹਾਂ ਪਦਿਆਂ ਵਿਚ ਆਈ ਹੈ:-

ਭਣਤ ਨਾਮਦਿਉ ਛੀਪਾ ਕਹੇਰੇ ਪੁਕਾਰੇ ਮੀਤਾ।
ਹਿਰਦੇ ਮੇ ਰੰਗ ਹਿਰਦੈ ਛੀਪਾ ਕਹੇ ਰੇ ਪੁਕਾਰੇ ਮੀਤਾ।।

ਜੀਵਨ ਮੁਕਤ ਹੋਏ ਬਿਨਾਂ- ਨਾਮਦੇਵ ਜੀ ਦਾ ਕਥਨ ਹੈ, ਮੈਨੂੰ ਪ੍ਰਤੀਤ ਨਹੀਂ ਆ ਸਕਦੀ:-

ਯਹੁ ਪ੍ਰਤੀਤ ਮੋਹਿ ਨਹੀਂ ਆਵੈ, ਜੀਵਨ ਮੁਕਤ ਨਾ ਪਾਇ।।

ਗੁਰ ਪ੍ਰਸਾਦਿ ਦਾ ਵਰਣਨ ਢੁਕਵੇਂ ਢੰਗ ਨਾਲ ਇਸ ਬਾਣੀ ਵਿਚ ਕਈ ਵਾਰ ਆਇਆ ਹੈ:-

ਪ੍ਰਣਵਤ ਨਾਮਦੇਵ ਗੁਰੂ ਪ੍ਰਸਾਦਿ ਜੋ ਖੋਜੈ ਸੋ ਪਾਵੈ।
ਪ੍ਰਣਵਤ ਨਾਮਦੇਵ ਗੁਰਪ੍ਰਸਾਦਿ ਪਾਇਆ, ਤਿਨਹੀ ਲੁਕਾਇਆ।।

ਜੋਤ ਪ੍ਰਗਟ ਹੋਣ ਅਤੇ ਅਮਰ ਪਦ ਪਰਸ ਲੈਣ ਲੈਣ ਦੀ ਪਰਪੱਕ ਅਨੁਭਵੀ ਅਨੁਭੂਤੀ ਭੀ ਪ੍ਰਗਟ ਹੋਈ ਹੈ:-

ਦੀਵੈ ਪਰਵੈ ਤੇਲ ਕੇ ਬਾਤੀ। ਜੋਤ ਸਰੂਪ ਬੋਲੇ ਦਿਨ ਰਾਤੀ।।
ਭਗਤ ਨਾਮਦੇਵ ਅਮਰ ਪਦ ਪਰਸਿਆ। ਪਯੰਡ ਭਇਆ ਮੁਕਤਿ ਹੋਇਆ ਤਦ ਦਰਸਾਇਆ।।

ਤੀਰਥਾਂ ਤੇ ਭ੍ਰਮਣ ਬਾਰੇ ਤ੍ਰਿਲੋਚਨ ਜੀ ਨੂੰ ਸੰਬੋਧਨ ਕਰਕੇ ਕਿਹਾ ਹੈ:-

ਭਨਤ ਨਾਮਦੇਵ ਸੁਨਤੁ ਤ੍ਰਲੋਚਨ ਏ ਤੀਰਥ ਸਭ ਅਭਿਕੇ ਭੋਜਨ।।
ਪ੍ਰਣਵਤ ਨਾਮਾ ਧਰਮ ਤਤ ਹੈ, ਸਤਿਗੁਰ ਨਿਕਟ ਬਿਠਾਇਲਾ।।

ਬ੍ਰਾਹਮਣੀ ਕਰਮਕਾਂਡ ਨੂੰ ਥਾਂ-ਥਾਂ ਨਕਾਰਿਆ ਹੈ, ਕਿਹਾ ਹੈ ਉਹ ਤਤ ਨਹੀਂ ਪੀਂਦੇ ਜਾਤੀ ਅਭਿਮਾਨ ਵਿਚ ਹੀ ਮਸਤ ਰਹਿੰਦੇ ਹਨ:-

ਬ੍ਰਹਮਨ ਮਦ ਭਰਿਆ ਸਖਾ ਤਤ ਨਾ ਪੀਵੈ ਤਤ ਮਾਤਲ ਵਰਵਾ।।
ਹਰਿਕੋ ਦਾਸ ਭਣੈ ਨਾਮਾ।। ਰਾਮ ਨਾਮ ਬਿਨ ਔਰ ਨਾ ਜਾਨਾ।।

ਕੀਟ ਪਤੰਗਾਂ ਦੀ ਭੀ ਹਰਿ ਜਸ ਸੁਣਨ ਕਰਕੇ ਮੁਕਤੀ ਹੁੰਦੀ ਦੱਸੀ ਗਈ ਹੈ-

ਕੀਟ ਪਤੰਗ ਸੁਨਤ ਗਤ ਪਾਵੈ, ਗੋਬਿੰਦ ਜਸ ਨਿਸਤਾਰੈ।।
ਅਜਮਲ ਗਨਕਾ ਸੂਕ ਪੰਖੀ ਰਸਨਾ ਨਾਮ ਉਚਾਰੈ।।

ਹਰਿ ਭਜਨ ਲਈ ਪ੍ਰੇਰਨਾ ਦਿੰਦਿਆਂ ਕਿਹਾ ਹੈ, ਹੇ ਪ੍ਰਾਣੀ ਤੂੰ ਅਨੇਕਾਂ ਵਾਰੀ ਪਸ਼ੂ ਹੋ ਕੇ ਜੰਮਿਆ ਹੈ। ਸਤਿਗੁਰੂ ਸਰਨ ਪੈ ਕੇ ਨਾਮ ਜਪ:-

ਅਨੇਕ ਬਾਰ ਪਸ਼ੂ ਹ੍ਵੈ ਔਤਰਯੋ। ਲਾਖ ਚਉਰਾਸੀ ਭ੍ਰਮਤ ਫਿਰਯੋ।।
ਪਾਇਓ ਨਹੀ ਕਹੀ ਵਿਸਰਾਮ। ਸਤਿਗੁਰ ਸਰਨਿ ਸਰਨਿ ਗਹਿਓ ਨਹੀਂ ਰਾਮ।।

ਰਾਮ ਕਲਿਆਨ ਵਿਚ ਪਦੇ ਦੀ ਪਹਿਲੀ ਤੁਕ ਹੈ:-

ਨਾਚ ਰੇ ਮਨ ਰਾਮ ਕੇ ਆਗੇ। ਗਿਆਨ ਵਿਚਾਰ ਜੋਗ ਆਗੈ।।

ਉਕਤ ਪਦਿਆਂ ਵਿਚ ਸਰਗੁਣ ਤੇ ਨਿਰਗੁਣ ਦੋਹਾਂ ਦੀ ਝਲਕ ਮਿਲਦੀ ਹੈ।

ਨਾਮਦੇਵ ਜੀ ਕਈ ਹੋਏ ਹਨ ਉਕਤ ਕਥਨਾਂ ਵਿਚ ਇਸ ਦੀ ਵਿਆਖਿਆ ਕਰ ਦਿੱਤੀ ਗਈ ਹੈ ਕਿ ਨਾਮਦੇਵ ਛੇ ਹੋਏ ਹਨ। ਪਰ ਕਿਸ ਨਾਮਦੇਵ ਜੀ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਪ੍ਰਵਾਨ ਚੜ੍ਹੀ। ਇਸ ਗੱਲ ਦੀ ਪਛਾਣ ਕਰਨੀ ਕੋਈ ਸੌਖੀ ਗੱਲ ਨਹੀਂ ਹੈ। ਦੂਸਰੀ ਮੁਸ਼ਕਲ ਉਨ੍ਹਾਂ ਦੇ ਜਨਮ ਸਮੇਂ ਅਤੇ ਜਨਮ ਭੂਮੀ ਬਾਰੇ ਹੈ। ਕਿਉਂਕਿ ਮਹਾਰਾਸ਼ਟਰ (ਪਹਿਲਾਂ ਪੂਨਾ ਪ੍ਰਾਂਤ) ਸਤਾਰਾ, ਪੰਡਰਪੁਰ ਆਦਿਕ ਅਤੇ ਬਰਾੜ ਇਲਾਕੇ ਵਿਚ ਛੇ-ਸੱਤ ਨਾਮਦੇਵ ਹੋਏ ਹਨ। ਭਗਤ ਨਾਮਦੇਵ ਦੇ ਨਾਂ ਨੂੰ ਚਮਤਕਾਰੀ ਪ੍ਰਸਿੱਧੀ ਪ੍ਰਾਪਤ ਹੋ ਜਾਣ ਕਾਰਨ, ਸਾਰਿਆਂ ਨਾਮਦੇਵਾਂ ਨੂੰ ਇਕੋ ਕੜੀ ਵਿਚ ਰੱਖ ਲਿਆ ਹੈ। ਹਾਲਾਂਕਿ ਇਨ੍ਹਾਂ ਦੇ ਜਨਮ ਸਥਾਨ ਕਈ ਹੋ ਸਕਦੇ ਹਨ। ਇਹ ਵੀ ਕੋਈ ਵੱਡੀ ਗੱਲ ਨਹੀਂ ਸਾਰੀਆਂ ਥਾਂਵਾਂ ਹੀ ਠੀਕ ਹੋਣ ਕਿਸੇ ਨਾਮਦੇਵ ਦਾ ਕੋਈ ਜਨਮ ਸਥਾਨ ਤਾਂ ਹੋਵੇਗਾ ਹੀ। ਕਿਉਂਕਿ ਨਾਮਦੇਵ ਅਨੇਕਾਂ ਹੋਏ ਹਨ। ਇਸ ਲਈ ਉਹਨਾਂ ਦੇ ਜਨਮ ਸਥਾਨ, ਮਰਨ ਸਥੱਲ ਜਾਂ ਸਮਾਧੀਆਂ ਭੀ ਕਈ ਹੋਣੀਆਂ ਚਾਹੀਦੀਆਂ ਹਨ। ਇਤਿਹਾਸਕਾਰਾਂ ਨੇ ਉਹਨਾਂ ਦੇ ਪਿਤਾ ਦਾ ਨਾਮ ਬਿਠਲ ਪੰਤ ਤੇ ਮਾਤਾ ਦਾ ਨਾਮ ਹੁਕਮੀ ਦੱਸਿਆ ਹੈ। ਭਗਤਮਾਲਾ ਦੇ ਲੇਖਕ ਨੇ ਉਹਨਾਂ ਦੇ ਜਨਮ ਦਾ ਸਮਾਂ 1545 ਸੰਮਤ ਲਿਖਿਆ ਹੈ ਤੇ ਕਿਸੇ ਕਿਸੇ ਨੇ 1500 ਸੰਮਤ ਵੀ ਲਿਖਿਆ ਹੈ। ਉਸ ਸਮੇਂ ਭਾਰਤ ਵਰਸ਼ ਤੇ ਸਿਕੰਦਰ ਲੋਧੀ ਦਾ ਰਾਜ ਸੀ। ਨਾਮਦੇਵ ਜੀ ਦੇ ਵੰਸ਼ਜ ਅਜੇ ਵੀ ਪੰਡਰਪੁਰ ਵਿਚ ਹਨ, ਉਹਨਾਂ ਨੂੰ ਨਾਮਦਾਸੀ ਕਹਿੰਦੇ ਹਨ।

ਨਾਮਦੇਵ ਜੀ ਮਹਾਂਰਾਸ਼ਟਰ ਤੋਂ ਪੰਜਾਬ ਆਏ ਤੇ ਇੱਥੇ ਘੁਮਾਦ ਪਿੰਡ ਵਿਚ ਵੀਹ-ਪੰਝੀ ਵਰ੍ਹੇ ਰਹਿ ਕੇ ਅੰਤ ਨੂੰ ਇਥੇ ਹੀ ਸਮਾ ਗਏ। ਇਸ ਦੀ ਸਚਾਈ ਨੂੰ ਮਹਾਰਾਸ਼ਟਰ ਵਿਚ ਪੰਡਰਪੁਰ ਤੇ ਹੋਰ ਕਈ ਥਾਈਂ ਬਣਾਈਆਂ ਸਮਾਧੀਆਂ ਭਰਮਾਂ ਵਿਚ ਪਾ ਦਿੰਦੀਆਂ ਹਨ। ਭਾਵੇਂ ਮੁੜ-ਘਿੜ ਇਹੋ ਮੰਨਣਾ ਪੈਂਦਾ ਹੈ ਤੇ ਠੀਕ ਵੀ ਬੈਠਦਾ ਹੈ ਕਿ ਨਾਮਦੇਵ ਜੀ ਘੁਮਾਣ ਪਿੰਡ ਵੀ ਸਮਾਏ ਸਨ। ਹੋਰ ਥਾਂਵਾਂ ਉਤੇ ਦੂਜੇ ਨਾਮਦੇਵ (ਕਵੀ) ਦੇਵ-ਭਗਤ, ਬੇਸ਼ੱਕ ਸਮਾਏ ਹੋਣ।

ਨਾਮਦੇਵ ਜੀ ਦਾ ਗੁਰੂ ਕੌਣ ਹੈ? ਇਹ ਵੀ ਇਕ ਬਹੁਤ ਵੱਡਾ ਝਮੇਲਾ ਹੈ। ਗਹਿਨੀ ਨਾਥ, ਸੋਪਨ ਦੇਵ ਜਾਂ ਗਿਆਨ ਦੇਵ ਜਾਂ ਗਿਆਨ ਦੇਵ ਦਾ ਪਿਤਾ ਖੇਚਰ ਦਾਸ? ਇਸ ਪ੍ਰਤੀ ਦਿੱਤੀਆਂ ਸਾਰੀਆਂ ਉਦਾਹਰਣਾਂ ਇਕ ਦੂਜੀ ਨੂੰ ਕੱਟਦੀਆਂ ਹਨ। ਇਹ ਨਿਰਣਾ ਵੀ ਨਾਮਦੇਵ ਜੀ ਦੀ ਬਾਣੀ ਹੀ ਕਰਦੀ ਹੈ। ਜਿਸ ਵਿਚ ਉਹ ਸਤਿਗੁਰੂ ਦੀ ਪ੍ਰਾਪਤੀ ਤੇ ਉਸ ਤੋਂ ਸਤਿਨਾਮ ਦਾ ਜਾਪ ਹਾਸਲ ਹੋਇਆ ਮੰਨਦੇ ਹਨ।

ਨਾਮਦੇਵ ਜੀ ਦੇ ਜੀਵਨ ਨਾਲ ਕਈ ਚਮਤਕਾਰੀ ਘਟਨਾਵਾਂ ਜੋੜੀਆਂ ਜਾਂਦੀਆਂ ਹਨ ਤੇ ਨਾਲ ਹੀ ਕਈ ਹੈਰਾਨ ਕਰ ਦੇਣ ਵਾਲੀਆਂ ਕਥਾਵਾਂ ਵੀ ਜੋੜੀਆਂ ਜਾਂਦੀਆਂ ਹਨ, ਜਿਵੇਂ ਗਊ ਜੀਵਾਉਣ ਦਾ ਚਮਤਕਾਰ, ਦੁਆਰ ਘੁੰਮਣ ਦੀ ਘਟਨਾ, ਠਾਕੁਰ ਨੂੰ ਦੁੱਧ ਪਿਲਾਉਣ ਦੀ ਘਟਨਾ, ਛੰਪਰੀ ਉਡਣ ਦਾ ਚਮਤਕਾਰ ਤੇ ਫਿਰ 'ਦੇਵ ਗਣ' ਆਏ ਤੇ ਛੱਪਰੀ ਬਣ ਗਈ। ਨਾਮਦੇਵ ਜੀ ਨੂੰ ਭਗਤੀ ਕਰਨ ਤੋਂ ਹਟਾਉਣ ਲਈ ਉਹਨਾਂ ਨੂੰ ਦੇਹੁਰੇ ਵਿਚੋਂ ਧੱਕੇ ਮਾਰ ਕੇ ਕੱਢਣਾ, ਕੁਲੀਨ ਲੋਕਾਂ ਤੇ ਬ੍ਰਾਹਮਣਾਂ ਦੇ ਵਿਰੋਧੀ ਦੀ, ਵਿਰੋਧ ਇਸ ਲਈ ਉਭਰਦਾ ਸੀ ਕਿ ਨਾਮਦੇਵ ਜੀ ਨੀਵੀਂ ਜਾਤੀ ਦੇ ਹੋ ਕੇ ਭਗਤੀ ਜਿਹੇ ਉੱਚੇ ਕਰਮ ਧਰਮ ਕਿਉਂ ਕਰਦਾ ਹੈ? ਨਾਮਦੇਵ ਜੀ ਨੂੰ ਇਸ ਅਪਮਾਨ ਨੇ ਝੰਜੋੜਿਆ ਅਤੇ ਆਪਣੀ ਨੀਵੀਂ ਤੇ ਹੀਣ ਜਾਤੀ ਨੂੰ ਕੋਸਿਆ:-

ਹਸਤ ਖੇਲਤ ਤੇਰੇ ਦੇਹੁਰੇ ਆਇਆ।।
ਭਗਤਿ ਕਰਤ ਨਾਮਾ ਪਕਰਿ ਉਠਾਇਆ।।
ਹੀਨੜੀ ਜਾਤ ਮੇਰੀ ਜਾਇਮ ਰਾਇਆ।।
ਛੀਪੇ ਕੇ ਜਨਮਿ ਕਾਹੇ ਕਉ ਆਇਆ।।
ਲੈ ਕਮਲੀ ਚਲਿਓ ਪਲਟਾਇ।।
ਦੇਹੁਰੇ ਪਾਛੈ ਬੈਠਾ ਜਾਇ।।
ਜਿਉ ਜਿਉ ਨਾਮਾ ਹਰਿ ਗੁਣ ਉਚਰੈ।।
ਭਗਤ ਜਨਾਂ ਕਉ ਦੇਹੁਰਾ ਫਿਰੈ।।

ਔਢਾ ਪਿੰਡ ਵਿਚ ਉਹ ਦੇਹੁਰਾ ਮੌਜੂਦ ਹੈ। ਜਿਸ ਦਾ ਦੁਆਰ ਨਾਮਦੇਵ ਜੀ ਦੀ ਭਗਤੀ ਨਾਲ ਘੁੰਮ ਗਿਆ। ਇਸ ਦੀ ਹਾਮੀ ਵਿਦਵਾਨ ਵੀ ਭਰਦੇ ਹਨ। ਸਥਾਨਕ ਲੋਕਾਂ ਵਿਚ ਲੋਕ ਕਥਾ ਵੀ ਇਹੀ ਹੈ।

ਗਊ ਨੂੰ ਜੀਵਾਉਣ ਦਾ ਚਮਤਕਾਰ ਤਾਂ ਬਹੁਤ ਹੀ ਪ੍ਰਸਿੱਧ ਹੈ। ਇਸ ਦੀ ਉਦਾਹਰਣ ਉਹਨਾਂ ਦੀ ਆਪਣੀ ਬਾਣੀ ਜੋ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ ਇਵੇਂ ਹੈ:-

ਸੁਲਤਾਨ ਪੂਛੇ ਸੁਨ ਵੀ ਨਾਮਾ।। ਦੇਖਉ ਰਾਮ ਤੁਮਾਰੇ ਕਾਮਾ''
ਨਾਮ ਸੁਲਤਾਨੇ ਬਾਧਿਲਾ।। ਦੇਖਉ ਤੇਰਾ ਹਰਿ ਬੀਠੁਲਾ।।
ਬਿਸਮਿਲ ਗਊ ਦੇਹ ਜੀਵਾਇ।। ਨਾਤਰ ਗਰਦਨਿ ਮਾਰਉ ਠਾਇ।।

ਕਹਿਰ ਤ ਮੁਈ ਗਊ ਦੇਉ ਜੀਆਇ।। ਸਭ ਕੋਈ ਦੇਖੈ ਪਤੀਆਇ।।
ਨਾਮਾ ਪ੍ਰਣਮੈ ਸੇਲ ਮਸੇਲ।। ਗਊ ਦੁਹਾਈ ਬਛਰਾ ਮੇਲਿ।।
ਦੂਧਰਿ ਦੁਹਿ ਜਬ ਮਟੁਕੀ ਭਰੀ।। ਲੇ ਬਾਦਸ਼ਾਹ ਕੇ ਆਗੈ ਧਰੀ।।

ਨਾਮੇ ਕੀ ਕੀਰਤਿ ਰਹੀ ਸੰਸਾਰਿ।।
ਭਗਤ ਜਨਾਂ ਲੈ ਉਧਰਿਆ ਪਾਰਿ।।
ਸਗਲ ਕਲੇਸ਼ ਨਿੰਦਕ ਭਇਆ ਖੇਦੁ।।
ਨਾਮੇ ਨਾਰਾਇਣ ਨਾਹੀ ਭੇਦੂ।।

ਨਾਮਦੇਵ ਜੀ ਨੇ ਪਹਿਲਾਂ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਅਤੇ ਰਾਮਚੰਦਰ ਜੀ ਦਾ ਅਵਤਾਰਾਂ ਦੇ ਰੂਪ ਵਿਚ ਜ਼ਿਕਰ ਕੀਤਾ ਹੈ। ਬਾਅਦ ਵਿਚ ਇਹਨਾਂ ਦਾ ਕਰੜਾ ਵਿਰੋਧ ਵੀ ਕੀਤਾ ਹੈ। ਬਾਣੀ ਦਾ ਇਹ ਰੂਪ ਪ੍ਰਸਪਰ ਅੰਤਰੀਵ ਵਿਰੋਧ ਦਰਸਾਉਂਦਾ ਹੈ। ਰਾਮ ਚੰਦਰ ਜੀ ਦਾ ਰਾਵਣ ਨੂੰ ਮਾਰ ਕੇ ਲੰਕਾ ਨੂੰ ਫਤਿਹ ਕਰਕੇ ਬਭੀਖਨ ਨੂੰ ਰਾਜ ਦੇਣਾ, ਵੱਡਾ ਕਾਰਨਾਮਾ ਕਿਹਾ ਜਾਂਦਾ ਹੈ। ਨਾਮਦੇਵ ਜੀ ਨੇ ਇਸ ਦਾ ਵਰਣਨ ਕੀਤਾ ਹੈ:

ਨਾਮੇ ਕੇ ਸੁਆਮੀ ਸੀਮਾ ਬਹੋਰੀ ਲੰਕ ਭਭੀਖਣ ਆਪਿਓ ਹੋ।।
ਜਸਰਥ ਰਾਇ ਨੰਦ ਦੀਓ ਅਭੈ ਪਦੁ ਰਾਜ ਭਭੀਖਣ ਅਧਿਕ ਕਰਿਓ।।
ਗੌਤਮ ਨਾਰ ਅਹਿਲਿਆ ਤਾਰੀ ਪਾਵਨ ਕੇਤਕ ਤਾਰੀਅਲੇ।।

ਉਕਤ ਕਥਨਾਂ ਦੇ ਉਲਟ ਨਾਮਦੇਵ ਜੀ ਭਗਤੀ ਰਸ ਵਿਚ ਲੀਨ ਹੋ ਕੇ ਇੰਝ ਵੀ ਬਿਆਨ ਕਰਦੇ ਹਨ:-

ਪਾਂਡੇ ਤੁਮਰਾ ਰਾਮਨੰਦੁ ਸੋ ਭੀ ਆਵਤ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।

ਆਰੰਭਕ ਪੜਾਅ ਉਤੇ ਨਾਮਦੇਵ ਜੀ ਦੀ ਬਾਣੀ ਵਿਚ ਕ੍ਰਿਸ਼ਨ ਭਗਤੀ ਛਾਈ ਹੋਈ ਸੀ। ਇਸ ਸਮੇਂ ਵਿਚ ਭਗਤਾਂ ਤੇ, ਜਗਿਆਸੂਆਂ ਤੇ ਹਸਤੀਆਂ ਦੇ ਕਾਰਜ ਸਵਰੇ ਮੰਨੇ ਜਾਂਦੇ ਹਨ, ਵਿਸ਼ਣੂ ਦੇ ਅਵਤਾਰ, ਕ੍ਰਿਸ਼ਨ ਜੀ ਨੂੰ ਸਹਾਈ ਹੋਇ ਮੰਨਿਆ ਹੈ:-

ਦੇਵਾ ਪਾਹਨ ਤਾਰੀਅਲੈ।। ਰਾਮ ਕਹਤ ਜਨ ਕਸ ਨ ਤਰੇ।।
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।।
ਚਰਨ ਬਧਿਕ ਜਨ ਤੇਊ ਮੁਕਤਿ ਭਏ ਹਉ ਬਲਿ ਬਲਿ ਜਿਨ ਰਾਮ ਕਹੇ।।
ਦਾਸੀ ਸੁਤ ਜਨੁ ਬਿਦਰੁ ਸੁਦਾਮਾ, ਉਗ੍ਰਸੈਨ ਕਉ ਰਾਜ ਦੀਏ।।
ਜਪੁਹੀਨ ਤਪਹੀਨ ਕੁਲ ਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ।।

ਜੋ ਭਗਤ ਪਹਿਲਾ ਕ੍ਰਿਸ਼ਨ ਜੀ ਦੇ ਉਪਾਸ਼ਕ ਅਤੇ ਰਾਮ ਜੀ ਅਰਾਧਕ ਹੋਏ, ਕੋਈ ਭੀ ਪ੍ਰਾਣੀ ਨਾਮ ਸਾਧਨਾ ਰਾਹੀਂ ਪਰਮਪਦ ਨੂੰ ਪ੍ਰਾਪਤ ਹੋ ਸਕਦਾ ਹੈ, ਪਹਿਲਾਂ ਭਾਵੇਂ ਉਹ ਬੁੱਤ-ਪੂਜ ਹੋਵੇ ਜਾਂ ਅਵਤਾਰ ਪ੍ਰਸਤ ਜਾਂ ਹੋਰ ਦੇਵੀ ਦੇਵਤਿਆਂ ਦਾ ਉਪਾਸ਼ਕ, ਗੁਰਬਾਣੀ ਇਸ ਉਦਾਰਤਾ ਦਾ ਪ੍ਰਮਾਣ ਹੈ:-

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।।

ਨਾਮਦੇਵ ਜੀ ਦਾ ਨਿਮਨ ਲਿਖਤ ਪਦਾ ਅਧਿਆਤਮਕ ਰਹੱਸ ਭਰਿਆ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਹੋਣ ਦਾ ਝਲਕਾਰਾ ਪ੍ਰਤੱਖ ਨਜ਼ਰ ਆਉਂਦਾ ਹੈ:-

ਪਾਂਡੇ ਤੁਮਰਾ ਰਾਮਚੰਦ ਸੋਭੀ ਆਵਤੁ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।।
ਹਿੰਦੂ ਅੰਨ੍ਹਾ ਤੁਰਕੂ ਕਾਣਾ।। ਦੁਹਾਂ ਤੇ ਗਿਆਨੀ ਸਿਆਣਾ।।
ਹਿੰਦੂ ਪੂਜੇ ਦੇਹੁਰਾ ਮੁਸਲਮਾਣ ਮਸੀਤਿ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ।।

ਉਪਰੋਕਤ ਵਿਆਖਿਆ ਇਹ ਸਪਸ਼ਟ ਕਰਦੀ ਹੈ ਕਿ ਨਾਮਦੇਵ ਜੀ ਪਹਿਲਾਂ ਸਰਗੁਣਵਾਦੀ ਸਨ ਤੇ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਮੇਲ ਤੇ ਗੋਸ਼ਟੀ ਦੇ ਪ੍ਰਭਾਵ ਨਾਲ ਉਹ ਨਿਰਗੁਣਵਾਦੀ ਵਿਚਾਰਧਾਰਾ ਦੇ ਧਾਰਨੀ ਬਣ ਗਏ। ਉਕਤ ਟੂਕਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਹੋਰ ਬੇਅੰਤ ਟੂਕਾਂ ਹਨ ਜੋ ਨਾਮਦੇਵ ਜੀ ਨੂੰ ਸਰਗੁਣ ਤੋਂ ਨਿਰਗੁਣ ਦੇ 'ਦਰਸ਼ਨ' ਵਿਚ ਪ੍ਰਗਟ ਕਰਦੀਆਂ ਹਨ। ਇਸੇ ਲਈ ਸਨਾਤਨੀ ਖਿਆਲਾਂ ਦੇ ਵੈਸ਼ਨਵ ਪੰਥੀਆਂ ਨੂੰ ਭਗਤਾਂ ਦਾ ਪਹਿਲਾ ਸਰਗੁਣਵਾਦੀ ਹੋਣ ਤੋਂ ਪਿੱਛੋਂ ਨਿਰਗੁਣਵਾਦੀ ਬਣ ਜਾਣਾ ਵਧੇਰੇ ਰੜਕਦਾ ਹੈ। ਨਾਮਦੇਵ ਜੀ ਦਾ ਛੂਤ-ਛਾਤ ਨੂੰ ਮਿਟਾਉਣ ਦਾ ਉਪਰਾਲਾ ਤੇ ਸਮਾਜਿਕ ਬਰਾਬਰੀ ਦਾ ਸਿਧਾਂਤ ਵੀ ਕੁਲੀਨ ਉੱਚ ਜਾਤੀਆਂ ਨੂੰ ਵੀ ਰੜਕਦਾ ਸੀ। ਲੱਗਭੱਗ ਭਗਤੀ ਲਹਿਰ ਦੇ ਸਾਰੇ ਭਗਤਾਂ ਨੇ ਸਮਾਜਿਕ ਬਰਾਬਰੀ ਲਈ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਤੇ ਇਸ ਵਿਚ ਪ੍ਰਾਪਤੀ ਵੀ ਪਾਈ।

ਨਾਮਦੇਵ ਜੀ ਦੀ ਆਰੰਭਕ ਬਾਣੀ ਵਿਚ ਜੀਵਨ ਦਾ ਨਿੱਜੀ ਪਿਛੋਕੜ ਹੈ। ਫਿਰ ਜੀਵਨ ਦੇ ਵਿਸ਼ਾਲ ਤਜਰਬੇ ਤੋਂ ਬਾਅਦ ਸਰਗੁਣ ਤੋਂ ਨਿਰਗੁਣ ਤੱਕ ਦੇ ਵਿਕਾਸ ਦੀ ਗਾਥਾ ਹੈ। ਨਾਮਦੇਵ ਜੀ ਦੀ ਬਾਣੀ ਨੂੰ ਅਨੇਕਾਂ ਪੱਖਾਂ ਤੋਂ ਸਮਝਣ ਬਾਅਦ ਪਤਾ ਲੱਗਦਾ ਹੈ ਕਿ ਉਹ ਆਪਣੇ ਇਸ਼ਟ ਦੇਵ ਦੇ ਗੁਣ ਗਾਉਂਦੇ ਹਨ। ਉਹ ਉਸ ਦੀ ਅਰਾਧਨਾ ਤੇ ਪੂਜਾ ਅਰਚਨਾ ਕਰਦੇ ਹਨ।

ਬਿਰਹਾ ਵਿਚ ਆਪਣੇ ਇਸ਼ਟ ਦੇਵ ਲਈ ਤੜਫਦੇ ਹਨ ਤੇ ਉਸ ਲਈ ਆਦਰਸ਼ਕ ਪ੍ਰੀਤ ਹੰਢਾਉਂਦੇ ਹਨ। ਉਹਨਾਂ ਵਿਚ ਸ਼ਰਧਾ ਤੇ ਜਗਿਆਸਾ ਹੈ ਅਤੇ ਆਪਣੇ ਇਸ਼ਟ ਦੇਵ ਲਈ ਵਲਵਲੇ ਦੇ ਦੇਸ਼ ਵਿਚ ਉਡਾਰੀਆਂ ਵੀ ਮਾਰਦੇ ਹਨ। ਪਰ ਉਹਨਾਂ ਨੇ ਪਰਮ ਆਨੰਦ ਦੇ ਗੁੱਝੇ ਭੇਦ ਵੀ ਲੁਕੋ ਕੇ ਨਹੀਂ ਰੱਖੇ। ਉਹ ਅਵਤਾਰਵਾਦ ਦੀ ਬਿਖੜੀ ਘਾਟੀ ਵਿਚੋਂ ਵੀ ਲੰਘੇ। ਉਹਨਾਂ ਨੇ ਠਾਕੁਰ ਪੂਜਾ ਤੋਂ ਲੈ ਕੇ, ਜੋ ਇਕ ਪੱਥਰ ਪੂਜਣ ਦੀ ਭਗਤੀ ਵੀ ਆਰੰਭਕ ਕਿਰਿਆ ਸੀ ਤੇ ਬਾਅਦ ਵਿਚ ਅਵਤਾਰਾਂ ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮਚੰਦਰ ਜੀ ਦੇ ਗੁਣ ਗਾਉਣ ਵਾਲੀ ਭਾਵਨਾ ਨਾਲ ਆਪਣੀ ਆਤਮਾ ਨੂੰ ਤ੍ਰਿਪਤਾਇਆ। ਫਿਰ ਨਿਰਗੁਣਵਾਦੀ ਬਣ ਕੇ ਉਸ ਅਕਾਲ ਪੁਰਖ ਪਾਰ ਬ੍ਰਹਮ ਦੀ ਪ੍ਰਾਪਤੀ ਵੀ ਕੀਤੀ ਤੇ ਇਸਦਾ ਆਨੰਦ ਵੀ ਮਾਣਿਆ। ਸਮੁੱਚੀ ਮਾਨਵਤਾ ਲਈ ਉਹਨਾਂ ਦਾ ਇਹ ਉੱਚਾ ਤੇ ਸੁੱਚਾ 'ਦਰਸ਼ਨ' ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।








ਲੇਖਕ ਮਾਸਟਰ ਐਚ. ਐਲ. ਕਪੂਰ ਸਾਹਿਬ ਆਪਣੀ ਸੁਪਤਨੀ ਅਤੇ ਦੋਹਤਰੀ ਤੋਂ ਇਲਾਵਾ ਆਪਣੇ 40 ਸਾਲ ਪਹਿਲਾਂ ਸਰਕਾਰੀ ਹਾਈ ਸਕੂਲ, ਸ਼ੰਕਰ, ਜ਼ਿਲਾ ਜਲੰਧਰ ਦੇ ਵਿਦਿਆਰਥੀ ਅਤੇ <<ਦੇਸ਼ ਦੁਆਬਾ>> ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ। ਲੱਗਭੱਗ 40 ਸਾਲ ਬਾਅਦ ਮਿਲਣ ਸਮੇਂ ਦੀਆਂ ਤਸਵੀਰਾਂ।

## ਇਹ ਹੈ ਸਾਡਾ ਦੇਸ਼ ਦੁਆਬਾ

# ਕੁਸ਼ਤੀ ਨੂੰ ਕੁਲਵਕਤੀ ਸਮਰਪਿਤ ਕੋਚ ਅਤੇ ਅੰਪਾਇਰ ਸੁਖਦੇਵ ਸਿੰਘ ਰਾਏਪੁਰ ਡੱਬਾ



-ਰੇਸ਼ਮ ਕਰਨਾਣਵੀ
98158-80104

ਕਿਸੇ ਨੇ ਬਿੱਛੂਆਂ ਨੂੰ ਪੁੱਛਿਆ, 'ਤੁਹਾਡੇ 'ਚੋਂ ਕਿਹੜਾ ਸਭ ਤੋਂ ਵੱਧ ਜ਼ਹਿਰੀਲਾ ਹੈ? ਜਵਾਬ ਸੀ, "ਜਿਹਦੀ ਮਰਜ਼ੀ ਪੂਛ ਨੂੰ ਹੱਥ ਲ ਕੇ ਦੇਖ ਲੈ ਡੰਗ ਤਿੱਖਾ ਈ ਹੋਊ।' ਰਾਏਪੁਰ ਡੱਬਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਅਜਿਹਾ ਛੋਟਾ ਜਿਹਾ ਪਿੰਡ ਹੈ, ਜਿਸ ਨੂੰ ਬੜੇ ਮਾਣ ਨਾਲ ਭਲਵਾਨਾਂ ਦਾ ਪਿੰਡ ਕਿਹਾ ਜਾਂਦਾ ਹੈ। ਇੱਥੋਂ ਦਾ ਜੰਮਪਲ ਹਰ ਬੱਚਾ, ਜਵਾਨ, ਅੱਧਖੜ੍ਹ ਇੱਥੋਂ ਤੱਕ ਪਿੰਡ ਦੇ ਬਜ਼ੁਰਗ ਵੀ ਆਪੋ ਆਪਣੀ ਵਰੇਸੇ ਪਹਿਲਵਾਨੀ ਦੀ ਜ਼ੋਰ ਅਜ਼ਮਾਈ ਅਖਾੜਿਆਂ 'ਚ ਕਰ ਚੁੱਕੇ ਹਨ ਜਾਂ ਕਰ ਰਹੇ ਹਨ। ਕੁਸ਼ਤੀ ਦੇ ਧਨੰਤਰ ਰੁਸਤਮ-ਏ-ਜ਼ਮਾਂ ਸਵ: ਦਾਰਾ ਸਿੰਘ ਦੇ ਉਸਤਾਦ ਰਹੇ ਰੁਸਤਮ-ਏ-ਹਿੰਦ ਪਹਿਲਵਾਨ ਹਰਬੰਸ ਸਿੰਘ ਰਾਏਪੁਰ ਡੱਬਾ, ਇਸ ਪਿੰਡ ਦੇ ਮਸ਼ਹੂਰ ਪਹਿਲਵਾਨ ਕਿਸ਼ਨ ਸਿੰਘ ਸਿਤਾਰਾ-ਏ-ਹਿੰਦ ਜਿਹਨਾਂ ਨੇ ਅੰਗਰੇਜ਼ੀ ਹਕੂਮਤ ਤੋਂ ਵੀ ਕੁਸ਼ਤੀ ਖੇਤਰ ਦੇ ਮਾਨ-ਸਨਮਾਨ ਪ੍ਰਾਪਤ ਕੀਤੇ, ਅਜੋਕੀ ਕੁਸ਼ਤੀ ਵਿਚ ਪੀ. ਆਰ. ਸੌਂਧੀ ਜੋ ਭਾਰਤ ਦੇ ਚੀਫ ਕੋਚ ਰਹੇ ਹਨ, ਜਿਹਨਾਂ ਦੀ ਅਗਵਾਈ ਵਿਚ ਬੀਜਿੰਗ ਉਲੰਪਿਕ 2008 'ਚੋਂ ਸੁਸ਼ੀਲ ਕੁਮਾਰ ਨੇ ਕਾਂਸ਼ੀ ਦਾ ਤਮਗਾ ਜਿੱਤਆ, ਕਿਰਪਾਲ ਬਿਲਨ ਪਹਿਲਵਾਨ ਜਰਨੈਲ ਸੌਂਧੀ, ਸੰਨੀ ਗਿੱਲ, ਭਾਰਤ ਕੁਮਾਰ, ਭਾਰਤ ਕੇਸਰੀ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਹਰਜੀਤ ਸਿੰਘ ਕਾਕਾ (ਪੰਜਾਬ ਕੇਸਰੀ, ਮਹਾਂਭਾਰਤ ਕੇਸਰੀ), ਅਮਨਦੀਪ ਸੌਂਧੀ, ਹਰਦੀਪ ਕੁਮਾਰ, ਪਰਸ਼ੋਤਮ ਅਤੇ ਹੋਰ ਨਾਮੀ ਪਹਿਲਵਾਨ ਜਿਹਨਾਂ ਨੇ ਸਕੂਲ, ਕਾਲਜ, ਯੂਨੀਵਰਸਿਟੀ ਦੇ ਸਟੇਟ ਅਤੇ ਰਾਸ਼ਟਰੀ ਪੱਧਰ ਦੇ ਮੁਕਾਬਲੇ ਜਿੱਤ ਕੇ ਰਾਏਪੁਰ ਡੱਬਾ ਦਾ ਮਾਣ ਵਧਾਇਆ ਅਤੇ ਨਾਮ ਉਘਾ ਕੀਤਾ ਹੈ। ਪਹਿਲਵਾਨ ਬਣਨ ਲਈ ਜਿੱਥੇ ਚੰਗੀ ਸਿਹਤ, ਲਗਨ, ਸਖਤ ਮਿਹਨਤ, ਖੇਡ ਭਾਵਨਾ ਦੀ ਜ਼ਰੂਰਤ ਹੁੰਦੀ ਹੈ, ਉਥੇ ਕੁਸ਼ਤੀ ਦੇ ਦਾਅ ਪੇਚਾਂ, ਕਸਰਤਾਂ ਨੂੰ ਸਹੀ ਢੰਗ ਨਾਲ ਕਰਵਾਉਣ ਲਈ ਆਪਣੇ ਸਮੇਂ ਦੇ ਮਸ਼ਹੂਰ ਪਹਿਲਵਾਨ, ਕੁਸ਼ਤੀ ਗੁਰੂ, ਖਲੀਫ਼ੇ, ਉਸਤਾਦਾਂ, ਕੁਸ਼ਤੀ ਕੋਚਾਂ ਦੀ ਭੂਮਿਕਾ ਪ੍ਰਮੁੱਖ ਹੁੰਦੀ ਹੈ। ਇਸ ਵਿਸਥਾਰਿਤ ਭੂਮਿਕਾ ਦਾ ਮਕਸਦ ਉਸ ਕੁਸ਼ਤੀ ਸੇਵਕ ਨਾਲ ਜਾਣ ਪਛਾਣ ਕਰਵਾਉਣਾ ਹੈ ਜੋ ਬਤੌਰ ਕੁਸ਼ਤੀ ਕੋਚ ਅਤੇ ਅੰਪਾਇਰ ਕੁਸ਼ਤੀ 'ਚ ਪਹਿਲਵਾਨੀ ਦੇ ਨਵੇਂ ਬੂਟੇ ਲਾਉਣ ਜਾਂ ਕੱਟ ਛਾਂਗ ਕੇ ਬੁਲੰਦੀਆਂ ਤੱਕ ਪਹੁੰਚਾਉਣ ਲਈ ਤਨ, ਮਨ, ਧਨ ਨਾਲ ਸਮਰਪਿਤ ਹੈ, ਉਸ ਸਖਸ਼ ਦਾ ਨਾਮ ਹੈ ਸੁਖਦੇਵ ਸਿੰਘ ਰਾਏਪੁਰ ਡੱਬਾ ਉਰਫ ਦੇਬੀ।







ਗ਼ਦਰ ਪਾਰਟੀ ਦੇ ਮੁੱਖ ਬੁਲਾਰੇ ਰਤਨ ਸਿੰਘ ਰਾਏਪੁਰ ਡੱਬਾ ਦੇ ਪ੍ਰਭਾਵ, ਸਮਾਜਵਾਦੀ ਅਗਾਂਹਵਧੂ ਸੋਚ ਦੇ ਪੜ੍ਹੇ ਲਿਖੇ ਪਹਿਲਵਾਨ ਹਰਬੰਸ ਸਿੰਘ ਰਾਏਪੁਰ ਡੱਬਾ ਤੇ ਪਿੰਡ ਦੇ ਹੋਰ ਸਮਾਜਿਕ ਵਿਚਾਰਕਾਂ, ਸਮਾਜਵਾਦੀ ਸਰਗਰਮੀਆਂ ਤੇ ਵਿਚਾਰਧਾਰਾ ਦੇ ਕਾਮਰੇਡਾਂ ਦੇ ਇਸ ਪਿੰਡ ਵਿਚ ਪਿਤਾ ਸਵਰਗੀ ਸ. ਮਲੂਕ ਸਿੰਘ ਅਤੇ ਮਾਤਾ ਸਵਰਗੀ ਸੰਪੂਰਨ ਕੌਰ ਦੇ ਘਰ ਜਨਮੇ, ਗੁਰਮੁਖ ਸਿੰਘ (ਕਨੇਡਾ), ਜਸਪਾਲ ਸਿੰਘ, ਹਰਟੇਕ ਸਿੰਘ (ਯੂ. ਕੇ.), ਭੈਣਾਂ ਮਹਿੰਦਰ ਕੌਰ, ਬਲਵੀਰ ਕੌਰ ਸੰਘਾ, ਦਰਸ਼ਨ ਕੌਰ ਅਟਵਾਲ, ਗੁਰਬਖਸ਼ ਕੌਰ ਸੰਘਾ (ਪਤਨੀ ਸਵ: ਕਾਮਰੇਡ ਗਿਆਨ ਸਿੰਘ ਸੰਘਾ), ਪ੍ਰਧਾਨ ਇਸਤਰੀ ਜਾਗਰਤੀ ਮੰਚ ਪੰਜਾਬ ਦਾ ਭਰਾ ਸੁਖਦੇਵ ਸਿੰਘ ਲਾਲ ਝੰਡੇ ਹੇਠ ਖੇਡਦਾ ਅਤੇ ਅਖਾੜੇ 'ਚ ਡੰਡ ਬੈਠਕਾਂ ਕੱਢਦਾ ਜਵਾਨ ਹੋਇਆ। ਪਿੰਡ ਦੇ ਸਕੂਲ ਤੋਂ ਪੰਜਵੀਂ, ਕਰਨਾਣਾ ਦੇ ਸਕੂਲ ਤੋਂ ਅੱਠਵੀਂ, ਖਾਲਸਾ ਸਕੂਲ ਬੰਗਾ ਤੋਂ ਦਸਵੀਂ ਜਮਾਤ ਅਤੇ ਸਰਕਾਰੀ ਕਾਲਜ ਰੋਪੜ ਤੋਂ ਪ੍ਰੈਪ ਦੀ ਪੜ੍ਹਾਈ ਕੀਤੀ। ਇਸ ਦੌਰਾਨ ਹੀ ਕੁਸ਼ਤੀ ਖੇਤਰ ਵਿਚ ਵੀ ਮੱਲਾਂ ਮਾਰੀਆਂ। 1972 ਵਿਚ ਪੰਜਾਬ ਸਪੋਰਟਸ ਵਿਭਾਗ ਪੇਂਡੂ ਰਾਜ ਖੇਡਾਂ ਵਿਚੋਂ ਜ਼ਿਲ੍ਹੇ ਵਿਚੋਂ 57 ਕਿਲੋਗ੍ਰਾਮ ਭਾਰ ਵਰਗ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ, 1995 ਵਿਚ ਪੰਜਾਬੀ ਯੂਨੀਵਰਸਿਟੀ ਵਿਚੋਂ 62 ਕਿਲੋਗ੍ਰਾਮ ਭਾਰ ਵਰਗ 'ਚ ਪਹਿਲਾ ਗੋਲਡ ਮੈਡਲ ਜਿੱਤਿਆ। ਇਸੇ ਸਾਲ ਅੰਤਰ ਵਰਸਿਟੀ ਵਿਚ ਭਾਗ ਲਿਆ। ਪੈਪਸੂ ਰੈਸਲਿੰਗ ਚੈਂਪੀਅਨਸ਼ਿਪ ਵਿਚੋਂ ਸਿਲਵਰ ਮੈਡਲ ਜਿੱਤਿਆ। 1976 ਨੂੰ ਕਨੇਡਾ ਵਿਚ ਈਸਟ ਇੰਡੀਅਨ ਡੀਫੈਂਸ ਕਮੇਟੀ ਵੱਲੋਂ ਕਰਵਾਈ ਚੈਂਪੀਅਨਸ਼ਿਪ ਵਿਚੋਂ 68 ਕਿਲੋਗ੍ਰਾਮ ਭਾਰ ਵਰਗ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਜੋ ਬ੍ਰਿਟਿਸ਼ ਕੋਲੰਬੀਆ ਵਿਚ ਕਰਵਾਈ ਗਈ। ਇਸ ਸਮੇਂ ਉਹਨਾਂ ਨੇ ਮੋਤਾ ਸਿੰਘ ਹੋਰਾਂ ਤੋਂ ਟਰੇਨਿੰਗ ਲਈ। ਇੰਡੀਆ ਵਾਪਸ ਆ ਕੇ ਉਹਨਾਂ ਕੁਸ਼ਤੀ ਦੇ ਦਾਅ ਪੇਚਾਂ ਨੂੰ ਬਰੀਕੀ ਨਾਲ ਘੋਖਦਿਆਂ, ਜਾਣਦਿਆਂ ਪ੍ਰਬੀਨਤਾ ਹਾਸਲ ਕੀਤੀ ਅਤੇ ਕੁਸ਼ਤੀ ਦੀ ਟਰੇਨਿੰਗ ਹਰਬੰਸ ਸਿੰਘ ਦੇ ਅਖਾੜੇ ਵਿਚ ਕੋਚਿੰਗ ਦੀ ਸ਼ੁਰੂਆਤ ਕੀਤੀ। ਜਿੱਥੋਂ ਬਹੁਤ ਸਾਰੇ ਪਹਿਲਵਾਨਾਂ ਨੇ ਸਕੂਲ, ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆਂ 'ਚ ਮੈਡਲ ਜਿੱਤੇ। ਇੱਥੋਂ ਹੀ ਲੜਕੀਆਂ 'ਚੋਂ ਪਰਮਿੰਦਰ ਕੌਰ ਮੀਰਪੁਰ ਲੱਖਾ ਪੰਜਾਬ ਸਕੂਲ 'ਚੋਂ ਤਿੰਨ ਵਾਰ ਗੋਲਡ ਮੈਡਲ, ਆਲ ਇੰਡੀਆ ਸਬ ਜੂਨੀਅਰ ਮੁਕਾਬਲੇ ਵਿਚੋਂ ਸਿਲਵਰ ਮੈਡਲ ਜਿੱਤਿਆ। ਸੰਦੀਪ ਕੌਰ ਨੇ ਬੰਗਲੌਰ ਤੋਂ 1993 ਵਿਚ ਜੂਨੀਅਰ 'ਚੋਂ ਕਾਂਸੀ ਦਾ ਮੈਡਲ ਜਿੱਤਿਆ।

ਸੁਖਦੇਵ ਸਿੰਘ ਸ੍ਰੀ ਗੁਰੂ ਹਰਗੋਬਿੰਦ ਰੈਸਲਿੰਗ ਅਕੈਡਮੀ ਬਾਹੜੋਵਾਲ ਦੀ ਕਮਾਨ ਸੰਭਾਲ ਕੇ ਕੁਸ਼ਤੀ ਲਈ ਨਵੇਂ ਭਲਵਾਨਾਂ ਨੂੰ ਉਤਸ਼ਾਹਿਤ ਕੀਤਾ ਤੇ ਵਧੀਆ ਕੋਚਿੰਗ ਦਿੱਤੀ। ਥੋੜ੍ਹੇ ਸਮੇਂ ਵਿਚ ਹੀ ਚੰਗੇ ਨਤੀਜੇ ਨਿਕਲੇ। ਪਹਿਲਵਾਨ ਵਰਿੰਦਰ ਸਿੰਘ ਨੇ ਪੇਂਡੂ ਖੇਡਾਂ 'ਚੋਂ 85 ਕਿਲੋਗ੍ਰਾਮ ਭਾਰ ਵਰਗ ਵਿਚ ਗੋਲਡ ਮੈਡਲ ਜਿੱਤਿਆ, ਮਦਰਾਸ ਵਿਚੋਂ ਕਾਂਸੀ ਮੈਡਲ, ਪੰਜਾਬ ਸਕੂਲਾਂ ਵਿਚੋਂ ਦੋ ਵਾਰ ਸਿਲਵਰ ਮੈਡਲ ਜਿੱਤੇ। ਇਸੇ ਅਖਾੜੇ ਦੇ ਉਂਕਾਰ ਸਿੰਘ ਨੇ ਪੰਜਾਬ ਅੰਡਰ 17 'ਚ ਕਾਂਸੀ ਦਾ ਮੈਡਲ, 66 ਕਿਲੋਗ੍ਰਾਮ ਵਰਗ ਵਿਚੋਂ ਸਿਲਵਰ ਮੈਡਲ ਜਿੱਤਿਆ। ਸੁਖਦੇਵ ਸਿੰਘ ਨੇ ਮੀਰੀ ਪੀਰੀ ਅਖਾੜਾ ਬਾਹੜੋਵਾਲ ਦੇ ਪਹਿਲਵਾਨਾਂ ਨੂੰ ਵੀ ਵਧੀਆ ਟਰੇਨਿੰਗ ਦਿੱਤੀ।

ਜਿਸ ਨਾਲ ਤੇਜਿੰਦਰ ਬਾਹੜੋਵਾਲ, ਗੁਰਜੰਟ ਸਿੰਘ ਬਾਹੜੋਵਾਲ ਨੇ ਪੰਜਾਬ ਸਕੂਲ ਗੇਮਜ਼ ਵਿਚੋਂ ਸਿਲਵਰ ਮੈਡਲ ਜਿੱਤੇ। ਜੱਸਾ ਬਲਾਕੀਪੁਰ ਤੇ ਤੇਜਿੰਦਰ ਨੇ ਪੰਜਾਬ ਸਬ ਜੂਨੀਅਰ 2011, 85 ਕਿਲੋਗ੍ਰਾਮ ਭਾਰ ਵਰਗ ਵਿਚੋਂ ਸਿਲਵਰ ਮੈਡਲ ਜਿੱਤਿਆ, ਅਗਲੇ ਸਾਲ ਸਬ ਜੂਨੀਅਰ 'ਚੋਂ ਕਾਂਸੀ ਦੇ ਮੈਡਲ ਜਿੱਤੇ।

ਬਤੌਰ ਅੰਪਾਇਰ ਸੁਖਦੇਵ ਸਿੰਘ ਨੇ ਪੰਜਾਬ ਤੇ ਹੋਰ ਸੂਬਿਆਂ 'ਚ ਬਹੁਤ ਸਾਰੇ ਵੱਡੇ ਕੁਸ਼ਤੀ ਮੁਕਾਬਲਿਆਂ ਵਿਚ ਆਪਣੀਆਂ ਸੇਵਾਵਾਂ ਦਿੱਤੀਆਂ। ਕੁਸ਼ਤੀ ਕੁਮੈਂਟਰੀ ਲਈ ਵੀ ਦੂਰੋਂ-ਦੂਰੋਂ ਆਉਂਦੇ ਸੱਦੇ ਕਬੂਲ ਕੇ ਆਪਣਾ ਯੋਗਦਾਨ ਪਾਇਆ ਹੈ। ਸੁਖਦੇਵ ਸਿੰਘ ਦਾ ਕਾਰਜ ਕ੍ਰਮ ਕੁਸ਼ਤੀ ਲਈ ਹੀ ਰੁਝੇਵਿਆਂ ਭਰਿਆ ਹੈ ਪਰ ਕਦੇ ਵੀ ਇਸ ਪੱਖੋਂ ਅਵੇਸਲਾ ਨਹੀਂ ਹੋਇਆ। ਇਹੀ ਕਾਰਨ ਹੈ ਕਿ ਪੰਜਾਬ ਭਰ ਦੀਆਂ ਕੁਸ਼ਤੀ ਸੰਸਥਾਵਾਂ ਨੇ ਸਮੇਂ ਸਮੇਂ ਉਸਨੂੰ ਮਾਣ ਸਨਮਾਨਾਂ ਨਾਲ ਨਿਵਾਜਿਆ ਹੈ।

ਪਿੰਡ ਰਾਏਪੁਰ ਡੱਬਾ ਵਿਚ ਆਪਣੀ ਸੁਯੋਗ ਜੀਵਨ ਸਾਥਣ ਪਰਮਜੀਤ ਕੌਰ, ਲੜਕੀ ਅਮਨਦੀਪ ਕੌਰ ਨਾਲ ਰਹਿ ਰਹੇ ਸੁਖਦੇਵ ਸਿੰਘ ਦਾ ਲੜਕਾ ਗਗਨਦੀਪ ਸਿੰਘ ਕਨੇਡਾ ਜਾ ਵੱਸਿਆ ਹੈ। ਲੜਕੀ ਅਮਨ ਜੀ. ਐਨ. ਐਮ. ਦੀ ਪੜ੍ਹਾਈ ਕਰ ਰਹੀ ਹੈ।

ਪਰਿਵਾਰ ਦੇ ਵਡਮੁੱਲੇ ਸਹਿਯੋਗ ਨਾਲ ਹੀ ਉਹ ਕੁਸ਼ਤੀ ਨੂੰ ਧੁਰ ਅੰਦਰੋਂ ਸਮਰਪਿਤ ਹੈ। ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਸਰਕਾਰਾਂ ਨੂੰ ਪ੍ਰਾਇਮਰੀ ਪੱਧਰ ਤੋਂ ਹੀ ਖੇਡਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਦੇਸ਼ ਭਰ ਵਿਚ ਸਪੋਰਟਸ ਕਲਚਰ ਪੈਦਾ ਕੀਤਾ ਜਾਵੇ ਤਾਂ ਹੀ ਅਸੀਂ ਕੌਮਾਂਤਰੀ, ਵਰਲਡ ਚੈਂਪੀਅਨਸ਼ਿਪ ਅਤੇ ਉਲੰਪਿਕ ਵਰਗੇ ਮਹਾਂ ਮੁਕਾਬਲਿਆਂ ਵਿਚੋਂ ਮੈਡਲ ਲਿਆ ਸਕਦੇ ਹਾਂ।

ਛੋਟੇ ਅਤੇ ਨਵੇਂ ਪੁੰਗਰਦੇ ਪਹਿਲਵਾਨਾਂ ਨੂੰ ਵੱਡੇ ਮੁਕਾਬਲਿਆਂ ਲਈ ਮੁੱਢੋਂ ਤਿਆਰ ਕਰ ਰਹੇ ਕਿਰਤ ਅਤੇ ਕਿਰਤੀਆਂ ਦੇ ਹਾਮੀ ਪਰਿਵਾਰ ਦੇ ਵਾਰਸ ਸੁਖਦੇਵ ਸਿੰਘ ਦੇ ਉਹਨਾਂ ਨੂੰ ਚੈਂਪੀਅਨ ਬਣਾਉਣ ਦੇ ਸੁਪਨੇ ਜ਼ਰੂਰ ਸਾਕਾਰ ਹੋਣਗੇ।

**ਮਾਲਵੇ ਤੋਂ**

**ਜਸਵਿੰਦਰ ਸਿੰਘ ਰੁਪਾਲ ਲਿਖਦੇ ਹਨ**

# ਵਿਚੋਲਾ ਨਈਂ ਰੱਖਣਾ ਪਿੰਡ ਵਿੱਚ ਵੇ



ਜਸਵਿੰਦਰ ਸਿੰਘ "ਰੁਪਾਲ"
9814715796

ਵਿਆਹ ਸਾਡੇ ਸਮਾਜ ਦੀ ਇੱਕ ਪਵਿੱਤਰ ਰਸਮ ਹੈ,ਜਿਸ ਵਿੱਚ ਦੋ ਅਣਜਾਣ ਵਿਅਕਤੀ ਸਦਾ ਲਈ ਇੱਕ ਹੋ ਜਾਂਦੇ ਹਨ। ਗ੍ਰਹਿਸਥ ਜੀਵਨ,ਸਭ ਤੋਂ ਉੱਤਮ ਮੰਨਿਆ ਗਿਆ ਹੈ। ਜਦੋਂ ਕਿਸੇ ਮਾਂ ਬਾਪ ਦੇ ਬੱਚਾ ਜਾਂ ਬੱਚੀ ਵਿਆਹੁਣ ਵਾਲੇ ਹੋ ਜਾਣ,ਤਾਂ ਲੋੜੀਂਦਾ ਅਤੇ ਢੁਕਵਾਂ 'ਸਾਕ' ਲੱਭਣ ਦੀ ਸਮੱਸਿਆ ਆ ਖੜੀ ਹੋ ਜਾਂਦੀ ਹੈ। ਐਨੇ ਵੱਡੇ ਸਮਾਜ ਵਿੱਚੋਂ ਢੁਕਵਾਂ ਨਾਤਾ ਜੋੜਨਾ ਕੋਈ ਸੌਖਾ ਕੰਮ ਨਹੀਂਹੁੰਦਾ। ਇਸ ਕੰਮ ਨੂੰ ਠੀਕ ਢੰਗ ਨਾਲ ਸਿਰੇ ਚਾੜ੍ਹਨ ਵਿੱਚ ਮਹੱਤਵਪੂਰਨ ਰੋਲ ਨਿਭਾਉਣ ਵਾਲੇ ਨੂੰ ਹੀ 'ਵਿਚੋਲਾ' ਕਿਹਾ ਜਾਂਦਾ ਹੈ।ਉਹ ਲੜਕੀ ਲਈ ਯੋਗ ਲੜਕਾ ਜਾਂ ਲੜਕੇ ਲਈ ਯੋਗ ਲੜਕੀ ਦੱਸ ਕੇ ਰਿਸ਼ਤਾ ਕਰਵਾ ਦਿੰਦਾ ਹੈ।

ਵਿਚੋਲੇ ਦੀ ਮਹੱਤਤਾ ਨੂੰ ਗੁਰੂ ਸਾਹਿਬ ਨੇ ਵੀ ਸਵੀਕਾਰਿਆ ਹੈ,ਜਿੱਥੇ ਉਹ ਕੰਤ-ਪ੍ਰਭੂ ਨੂੰ ਮਿਲਾਉਣ ਵਾਲੇ ਮਿਤ੍ਰ ਵਿਚੋਲੇ-ਗੁਰੂ ਤੋਂ ਬਲਿਹਾਰ ਜਾਂਦੇ ਹਨ "ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ,ਜੈ ਮਿਲਿ ਕੰਤੁ ਪਛਾਣਾ॥" (ਅੰਗ 964)

ਵਿਚੋਲਾ ਇੱਕ ਐਸਾ ਵਿਅਕਤੀ ਹੁੰਦਾ ਹੈ,ਜਿਹੜਾ ਲੜਕੀ ਅਤੇ ਲੜਕੇ ਦੋਹਾਂ ਦੇ ਪਰਿਵਾਰ ਨੂੰ ਨੇੜਿਓਂ ਜਾਣਦਾ ਹੈ। ਉਹ ਕੋਈ ਰਿਸ਼ਤੇਦਾਰ ਵੀ ਹੋ ਸਕਦਾ ਹੈ, ਦੋਸਤ ਮਿੱਤਰ ਵੀ,ਗੁਆਂਢੀ ਵੀ ਜਾਂ ਕੁਲੀਗ ਵੀ। ਉਹ ਲੜਕੇ ਜਾਂ ਲੜਕੀ ਦੀ ਜਾਤ, ਗੋਤ, ਉਮਰ, ਕੱਦ, ਵਿਦਿਅਕ ਯੋਗਤਾ, ਕੰਮ, ਖਾਸ ਗੁਣ, ਰੁਚੀਆਂ, ਉਸ ਦੀ ਚਾਹਤ ਆਦਿ ਬਾਰੇ ਪਹਿਲਾਂ ਤੋਂ ਹੀ ਵਾਕਿਫ਼, ਜੇ ਕਿਸੇ ਗੱਲ ਦਾ ਉਸ ਨੂੰ ਪੱਕਾ ਪਤਾ ਨਾ ਹੋਵੇ ਤਾਂ ਉਹ ਰਿਸ਼ਤਾ ਕਰਵਾਉਣ ਸਮੇਂ ਪੁੱਛ ਵੀ ਲੈਂਦਾ ਹੈ।

ਸਿੱਧੀ ਗੱਲ ਕਰਨ ਵਿੱਚ ਝਿਜਕ ਵੀ ਹੁੰਦੀ ਹੈ ਅਤੇ ਕਈ ਪਰਦੇ ਵੀ ਹੁੰਦੇ ਹਨ, ਪਰ ਵਿਚੋਲਾ ਹਰ ਸਵਾਲ ਦਾ ਜਵਾਬ ਲਿਆ ਕੇ ਦੇ ਸਕਦਾ ਹੈ। ਦੋਵੇਂ ਪਾਸੇ ਦਾ ਜਾਣੂ ਹੋਣ ਕਰਕੇ ਉਸ ਤੇ ਦੋਵੇਂ ਧਿਰਾਂ ਚੰਗੀ ਆਸ ਰੱਖਦੀਆਂ ਹਨ ਅਤੇ ਉਸ ਦਾ ਕੰਮ ਵੱਡੀ ਜਿੰਮੇਵਾਰੀ ਦਾ ਹੁੰਦਾ ਹੈ। ਆਖਿਰ ਦੋ ਪ੍ਰਾਣੀਆਂ ਨੇ ਉਮਰ ਭਰ ਲਈ ਜੁੜਨਾ ਹੁੰਦਾ ਹੈ।ਲੜਕੀ ਲਈ ਲੜਕਾ ਲੱਭਣਾਪਹਿਲਾ ਕੰਮ ਹੈ, ਅਸੀਂ ਸਾਰੇ ਜਾਣਦੇ ਹੀ ਹਾਂ। ਵਿਆਹੀ ਜਾਣ ਵਾਲੀ ਮੁਟਿਆਰ ਵੀ ਵਿਚੋਲੇ ਨੂੰ ਆਪਣੀ ਚਾਹਤ ਦੱਸਣਾ ਚਾਹੁੰਦੀ ਹੈ। ਉਸ ਤੋਂ ਆਸ ਵੀ ਰੱਖਦੀ ਹੈ। ਗੱਲ ਚੱਲਦੀ ਹੋਣ ਦੀ ਸੂਰਤ ਵਿੱਚ ਉਸ ਤੋਂ ਵੱਧ ਤੋਂ ਵੱਧ ਪੁੱਛਣਾ ਵੀ ਚਾਹੁੰਦੀ ਹੈ।

"ਆ ਜਾ ਬਹਿ ਜਾ ਵੇ ਵਿਚੋਲਿਆ,ਦੋ ਗੱਲਾਂ ਕਰੀਏ,  
ਕੋਠੇ ਤੇ ਦੋ ਮੰਜੀਆਂ।"

ਇਨ੍ਹਾਂ ਗੱਲਾਂ ਵਿੱਚ ਮੁੱਖ ਗੱਲ ਇਹੋ ਹੁੰਦੀ ਹੈ ਕਿ ਉਹ ਮੁਟਿਆਰ ਦੇ ਰੰਗ ਰੂਪ ਅਤੇ ਕੱਦ-ਕਾਠ ਦਾ ਖਿਆਲ ਤਾਂ ਰੱਖੇ ਹੀ, ਨਾਲ ਹੀ ਉਹ ਸੁਭਾਅ ਦੇ ਵੀ ਚੰਗੇ ਹੋਣ।

"ਜੇ ਸਾਕ ਚੰਗੇ ਨਿਕਲੇ, ਜਸ ਗਾਊਂਗੀ ਵਿਚੋਲਿਆ ਤੇਰਾ।"

"ਜੇ ਸਾਕ ਮਾੜੇ ਨਿਕਲੇ,ਗਾਲ੍ਹਾਂ ਕੱਢੂੰਗੀ ਬੀਹੀ ਦੇ ਵਿੱਚ ਖੜ੍ਹ ਕੇ।"

ਕਦੇ ਕਦੇ ਉਹ ਵਿਚੋਲਗਿਰੀ ਵਿੱਚ ਦਿੱਤੀਆਂ ਜਾਣ ਵਾਲੀਆਂ ਵਸਤਾਂ ਦਾ ਲਾਲਚ ਵੀ ਦਿੰਦੀ ਹੈ।

"ਡੱਬਾ ਖੇਸ ਵੇ ਵਿਚੋਲਿਆ ਤੈਨੂੰ ,ਜੇ ਮੈਨੂੰ ਸੁੱਖ ਮਿਲਿਆ।"

ਪਰ ਕਦੇ ਕੇ ਉਹ ਪਹਿਲਾਂ ਵਿਆਹੀਆਂ ਮੁਟਿਆਰਾਂ ਵੱਲ ਤੱਕਦੀ ਹੈ ਅਤੇ ਨਿਰਾਸ਼ਾ ਵਿੱਚ ਕਹਿ ਉਠਦੀ ਹੈ,

"ਕਾਹਨੂੰ ਮਾਰਦੈਂ ਵਿਚੋਲਿਆ ਗੇੜੇ,ਸੁੱਖ ਮੇਰੇ ਕਰਮਾਂ ਦੇ।" ਵਿਚੋਲਾ ਗੁਣਾਂ ਨੂੰ ਵਧਾ ਚੜ੍ਹਾ ਕੇ ਦੱਸਦਾ ਹੈ। ਭਾਵੇਂ ਗੱਲ ਸਰੀਰਕ ਸੁੰਦਰਤਾ ਦੀ ਹੋਵੇ, ਭਾਵੇਂ ਅੰਦਰਲੇ ਗੁਣਾਂ ਦੀ, ਸਮਾਜਿਕ ਆਰਥਿਕ ਹਾਲਤ ਦੀ ਜਾਂ ਉਨ੍ਹਾਂ ਦੇ ਵਿਵਹਾਰ ਦੀ। ਵਿਚੋਲੇ ਤੇ ਵਿਸ਼ਵਾਸ਼ ਕੀਤਾ ਜਾਂਦਾ ਹੈ ਅਤੇ ਰਿਸ਼ਤਾ ਹੋ ਜਾਂਦਾ ਹੈ। ਹੁਣ ਜਿਨ੍ਹਾਂ ਨੂੰ ਪਤੀ ਉਚਿਤ ਮਾਪਦੰਡ ਵਾਲੇ ਨਹੀਂ ਮਿਲੇ, ਉਨ੍ਹਾਂ ਦਾ ਵਿਚੋਲੇ ਤੇ ਉਲਾਂਭਾ ਪੂਰਾ ਜ਼ਾਇਜ਼ ਹੈ। ਕੋਈ ਹਲਕੇ ਸੁਰ ਵਿੱਚ ਅਤੇ ਕੋਈ ਸਖ਼ਤ ਸੁਰ ਵਿੱਚ ਵਿਚੋਲੇ ਤੇ ਆਪਣੀ ਭੜਾਸ ਕੱਢਦੀ ਹੈ। ਸੋਹਣੀ ਸੁਨੱਖੀ ਮੁਟਿਆਰ ਨੂੰ ਜੇ ਕਾਲੇ ਰੰਗ ਦੇ ਗੱਭਰੂ ਨਾਲ ਕਰ ਦਿੱਤਾ ਜਾਵੇ,ਇਤਰਾਜ਼ ਕੁਝ ਇਸ ਤਰਾਂ ਨਿਕਲਦਾ ਹੈ,

"ਨੀ ਮੈਂ ਹਾਰੇ ਦੀ ਮਿੱਟੀ, ਨੀ ਮੈਂ ਚੁੱਲ੍ਹੇ ਦੀ ਮਿੱਟੀ,  
ਕਾਲੇ ਰੀਠੜੇ ਨੂੰ ਵਿਆਹੀ ਨੀ ਮੈਂ ਸਾਬਣ ਦੀ ਟਿੱਕੀ।"

"ਮੈਂ ਅਰਸ਼ਾਂ ਦੀ ਹੂਰ ਪਰੀ,  
ਮੇਰਾ ਪੁੱਠੇ ਤਵੇ ਜਿਹਾ ਢੋਲ,  
ੜੇ ਵਿਚੋਲਿਆ ਮਰ ਜਾਣਿਆ,  
ਕਿਥੋਂ ਲਿਆਇਆ ਟੋਲ੍ਹ।"

"ਲੜ ਨਜ਼ਰਵੱਟੂ ਦੇ ਲਾਈ,  
ਵੇ ਜਿਊਂਦੀ ਮੈਂ ਮਰ ਗਈ,ਤੇਰੀ ਮਰ ਜਾਏ ਵਿਚੋਲਿਆ ਤਾਈ।"

ਕਿਸੇ ਨੱਢੀ ਦਾ ਮਾਹੀ ਮਧਰੇ ਕੱਦ ਦਾ ਹੁੰਦਾ ਹੈ ਅਤੇ ਉਹ ਆਪ ਲੰਮ-ਸਲੰਮੀ,ਉਸ ਨੂੰ ਤਾਂ ਉਹ ਬੱਚਾ ਜਿਹਾ ਹੀ ਲੱਗਦਾ ਹੈ ਤੇ ਉਹ ਬੋਲ ਉਠਦੀ ਹੈ,

"ਦੁਸ਼ਮਣ ਮਾਪੇ,ਵੈਰੀ ਵਿਚੋਲਾ,ਬਦਲੇ ਖੋਰੀਆਂ ਮਾਵਾਂ,  
ਨਿੱਕੇ ਜਿਹੇ ਮੁੰਡੇ ਨਾਲ ਵਿਆਹ ਕਰ ਦਿੰਦੀਆਂ,ਦੇ ਕੇ ਚਾਰ ਕੁ ਲਾਵਾਂ,  
ਸੇਜੇ ਚੜ੍ਹਦਾ ਬੁੱਸ ਬੁੱਸ ਕਰਦਾ,ਤਰਲਿਆਂ ਨਾਲ ਵਰਾਵਾਂ,  
ਧਰ ਕੇ ਗੋਡੇ ਤੇ,ਲੋਰੀ ਦੇ ਵਰਚਾਵਾਂ।"

ਇਹ ਤਾਂ ਰੰਗ ਰੂਪ ਜਾਂ ਸਰੀਰਕ ਪੱਖ ਦੀ ਗੱਲ ਹੈ,ਕਦੇ ਕਦੇ ਲੜਕੀ ਨੂੰ ਸਹੁਰਿਆਂ ਦਾ ਸੁਭਾਅ ਚੰਗਾ ਨਹੀਂ ਮਿਲਦਾ।ਭਰਵਾਂ ਪਿਆਰ ਮਿਲਣ ਦੀ ਥਾਂ ਸੱਸ ਵੱਲੋਂ ਟੋਕਾ ਟਾਕੀ ਹੁੰਦੀ ਰਹਿੰਦੀ ਹੈ,ਸ਼ਿਕਾਇਤ ਫਿਰ ਵਿਚੋਲੇ ਸਿਰ ਖੜੀ ਹੈ,

" ਕੀੜੇ ਪੈਣ ਵੇ ਵਿਚੋਲਿਆ ਤੇਰੇ,ਵੱਢ ਖਾਣੀ ਸੱਸ ਟੱਕਰੀ।"

ਓਧਰ ਲੜਕੇ ਵਾਲਿਆਂ ਵੱਲ ਜਦੋਂ ਕਾਲੇ ਰੰਗ ਦੇ ਗੱਭਰੂ ਨੂੰ ਪਰੀਆਂ ਵਰਗੀ ਮੁਟਿਆਰ ਮਿਲ ਜਾਂਦੀ ਹੈ,ਤਾਂ ਮੁੰਡੇ ਦੀ ਮਾਂ ਵਿਚੋਲੇ ਤੋਂ ਬਲਿਹਾਰ ਜਾਂਦੀ ਹੈ,

"ਵਿਚੋਲਿਆ ਵੇ ਤੇਰਾ ਪੁੱਤ ਜੀਵੇ,ਵੱਸੇ ਤੇਰਾ ਘਰ ਬਾਰ,  
ਕੰਧੀਂ ਚਾਨਣ ਹੋ ਗਿਆ,ਨੂੰਹ ਆਈ ਸਾਡੇ ਵਾਰ।"

ਕੁਝ ਕੁ ਥਾਂ ਹੀ ਐਸੇ ਹੁੰਦੇ ਹਨ,ਜਿੱਥੇ ਵਿਚੋਲੇ ਨੂੰ ਉਲਾਂਭਾ ਮਿਲਦਾ ਹੈ।ਪਰ ਬਹੁਤੀ ਥਾਈਂ ਰਿਸ਼ਤਾ ਠੀਕ ਸਿਰੇ ਚੜ੍ਹਦਾ ਹੈ।ਦੋਵੇਂ ਪਰਿਵਾਰ ਖੁਸ਼ ਹਨ ਅਤੇ ਵਿਆਹ ਤੋਂ ਬਾਅਦ ਵਿਚੋਲੇ ਨੂੰ ਬਣਦੀ ਵਿਚੋਲਗਿਰੀ ਅਤੇ ਮਾਣ ਦੇ ਦਿੰਦੇ ਹਨ,ਜੋ ਜਿਆਦਾਤਰ ਕੱਪੜਿਆਂ ਅਤੇ ਮਠਿਆਈ ਦੇ ਰੂਪ ਵਿੱਚ ਹੁੰਦਾ ਹੈ।ਦੋਵਾਂ ਪਰਿਵਾਰਾਂ ਦੀ ਆਪਸ ਵਿੱਚ 'ਵਰਤਣ'ਵਧੀਆ ਹੋ ਜਾਂਦੀ ਹੈ,ਹੁਣ ਉਹ ਹਰ ਗੱਲ ਸਿੱਧੀ ਕਰ ਲੈਂਦੇ ਹਨਤੇ ਫਿਰ ਵਿਚੋਲਾ ਗੈਰ-ਜਰੂਰੀ ਜਿਹਾ ਬਣ ਜਾਂਦਾ ਹੈ।

"ਕੁੜਮੋ ਕੁੜਮੀ ਵਰਤਣਗੇ,ਵਿਚੋਲੇ ਬੈਠੇ ਤਰਸਣਗੇ।"

"ਕੁੜਮੋ ਕੁੜਮੀ ਮੇਲ ਹੋਇਆ,ਵਿਚੋਲੇ ਦੀ ਦਾੜ੍ਹੀ ਵਿੱਚ ਤੇਲ ਚੋਇਆ।"

ਜਿਉਂ ਜਿਉਂ ਪਰਿਵਾਰਾਂ ਦਾ ਆਪਸੀ ਪਿਆਰ ਵਧਦਾ ਜਾਂਦਾ ਹੈ,ਵਿਚੋਲੇ ਦੇ ਪਾਏ ਪਰਦੇ ਵੀ ਖੁਲਹ ਜਾਂਦੇ ਹਨ,ਪਰ ਆਪਸੀ ਸਮਝ ਅਤੇ ਪਿਆਰ ਰਿਸ਼ਤੇ ਨੂੰ ਗੂੜ੍ਹਾ ਕਰਦੀ ਹੈ।ਹੁਣ ਵਿਚੋਲੇ ਦੀ ਲੋੜ ਨਹੀਂ ਰਹਿੰਦੀ।

"ਮੱਕੀ ਦਾ ਦਾਣਾ ਟਿੰਡ ਵਿੱਚ ਵੇ,ਵਿਚੋਲਾ ਨਈਂ ਰੱਖਣਾ ਪਿੰਡ ਵਿੱਚ ਵੇ।"  
ਮੱਕੀ ਦਾ ਦਾਣਾ ਖੂਹ ਵਿੱਚ ਵੇ,ਵਿਚੋਲਾ ਨਈਂ ਰੱਖਣਾ ਜੂਹ ਵਿੱਚ ਵੇ।"

ਅੱਜ ਵਿਚੋਲੇ ਦਾ ਰੋਲ ਘਟ ਗਿਆ ਹੈ।ਹੁਣ ਜਿੱਥੇ ਲੜਕੀ ਲੜਕਾ ਸਿੱਧਾ ਇੱਕ ਦੂਜੇ ਨੂੰ ਦੇਖਦੇ ਹਨ,ਮਿਲਦੇ ਹਨ,ਫ਼ੋਨ ਕਰਦੇ ਹਨ,ਆਪਸ ਵਿੱਚ ਸਾਰੀ ਗੱਲ ਤੈਅ ਕਰਦੇ ਹਨ,ਉਥੇ ਰਿਸ਼ਤਾ ਕਰਵਾਉਣ ਲਈ ਵੀ ਅਖਬਾਰਾਂ,ਰੇਡਿਓ, ਟੈਲੀਵਿਯਨ ਅਤੇ ਕੰਪਿਊਟਰ ਨੇ ਵਿਚੋਲੇ ਦੀ ਥਾਂ ਲੈ ਲਈ ਹੈ। ਸਾਡੇ ਅਮੀਰ ਵਿਰਸੇ ਦਾ ਮਹੱਤਵਪੂਰਨ ਅੰਗ ਸੀ -"ਵਿਚੋਲਾ" ।

# ਲੈਕਚਰਰ ਅਰਥ-ਸ਼ਾਸ਼ਤਰ, ਸਰਕਾਰੀ ਸੀਨੀ.ਸੈਕੰ.ਸਕੂਲ,  
ਭੈਣੀ ਸਾਹਿਬ (ਲੁਧਿਆਣਾ)-141126

ੴ ਸਤਿਗੁਰ ਪ੍ਰਸਾਦਿ


ਐਸੀ ਲਾਲ ਤੁਝ ਬਿਨੁ ਕਉਨ ਕਰੈ। ਗਰੀਬ ਨਿਵਾਜ ਗੁਸਈਆ ਮੇਰਾ ਮਾਥੇ ਛਤ੍ਰ ਧਰੈ।
ਨਾਥ ਕਛੂ ਨਾ ਜਾਨਓ। ਮਨ ਮਾਇਆ ਹੈ ਹਾਥ ਬਿਕਾਨੋ।

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

## 61-01 Broadway, Woodside NY 11377

ਸੋਹੰ

## ਪ੍ਰੋਗਰਾਮ ਦਾ ਵੇਰਵਾ



ਭਗਵਾਨ ਵਾਲਮੀਕ ਜੀ


**8 ਦਸੰਬਰ 2013** ਦਿਨ ਐਤਵਾਰ ਨੂੰ ਦਲਿਤਾਂ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 57ਵੇਂ ਪ੍ਰੀਨਿਰਵਾਣ ਦਿਵਸ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਸਰਧਾਂਜਲੀ ਸਮਾਰੋਹ ਆਯੋਜਿਤ ਕੀਤਾ ਜਾਵੇਗਾ, ਜਿਸ ਵਿਚ ਰਾਗੀ, ਢਾਡੀ ਜਥਿਆਂ ਤੋਂ ਇਲਾਵਾ ਨਾਮਵਰ ਬੁਲਾਰੇ ਬਾਬਾ ਸਾਹਿਬ ਜੀ ਦੇ ਜੀਵਨ ਤੇ ਮਿਸ਼ਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ। ਇਸ ਸਬੰਧਤ 6 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ 8 ਦਸੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

**15 ਦਸੰਬਰ 2013** ਦਿਨ ਐਤਵਾਰ ਨੂੰ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਜਿਸ ਮੌਕੇ ਰਾਗੀ, ਢਾਡੀ ਜਥਿਆਂ ਤੋਂ ਇਲਾਵਾ ਵਿਦਵਾਨ ਬੁਲਾਰੇ ਮਹਾਰਾਜ ਜੀ ਦੇ ਜੀਵਨ ਤੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ। ਇਸ ਸਬੰਧਤ 13 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 15 ਦਸੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।



ਬਾਬਾ ਸਾਹਿਬ ਡਾ. ਅੰਬੇਦਕਰ

ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਤੇ ਸਮੂਹ ਪਰਿਵਾਰਾਂ ਸਮੇਤ ਹਾਜ਼ਰੀ ਲਗਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।



ਗੁਰੂ ਪਿਆਰੀ ਸਾਧ ਸੰਗਤ ਜੀ,
ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਆਉਣ ਵਾਲੇ ਸਮੇਂ ਵਿਚ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਇਸ ਮਾਡਲ ਵਾਂਗਰਾਂ ਦਿੱਤੀ ਜਾਵੇਗੀ। ਸੋ ਆਪਣੀਆਂ ਸੱਚੀਆਂ-ਸੁੱਚੀਆਂ ਕਿਰਤ-ਕਮਾਈਆਂ ਵਿਚੋਂ ਦਸਵੰਧ ਕੱਢ ਕੇ ਗੁਰੂ ਘਰ ਦੀ ਇਮਾਰਤ ਦੇ ਇਕ ਖ਼ੂਬਸੂਰਤ ਸੁਪਨੇ ਨੂੰ ਸਾਕਾਰ ਕਰਨ ਲਈ ਤਨੋ-ਮਨੋ-ਧਨੋ ਸਹਿਯੋਗ ਦਿਓ ਜੀ।

ਗੁਰੂ ਕੇ ਲੰਗਰ ਅਤੁੱਟ ਵਰਤਣਗੇ।

## ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਤੇ ਸਮੂਹ ਟਰੱਸਟ ਕਮੇਟੀਆਂ

ਮੁੱਖ ਸੇਵਾਦਾਰ: ਸ. ਨਿਰਮਲ ਸਿੰਘ 347-538-8296
ਕੈਸ਼ੀਅਰ: ਭੋਲਾ ਕਲੇਰ 917-405-1168
ਜਨਰਲ ਸਕੱਤਰ: ਪਰਮਜੀਤ ਲਾਲ 917-854-8628

# ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ

# 718- 898- 8150

# Shri Guru Ravidass Temple New York

## ਗ਼ਦਰ ਸ਼ਤਾਬਦੀ ਵਰ੍ਹੇ ਦੌਰਾਨ ਦੁਆਬੇ ਦੇ ਗ਼ਦਰੀ ਯੋਧੇ ਤਹਿਤ ਵਿਸ਼ੇਸ਼ ਕਾਲਮ

# ਸ਼ਹੀਦ ਭਾਈ ਬਤਨ ਸਿੰਘ



ਡਾ. ਜਸਵੰਤ ਰਾਏ
98158-25999

### ਕਿਸ਼ਤ ਦੂਜੀ

ਅਜ਼ਾਦੀ ਦੇ ਦਿਨਾਂ 'ਚ ਕਿਸੇ ਦੇ ਦਿਲਾਂ ਨੂੰ ਤੰਗੀ ਨਹੀਂ ਹੁੰਦੀ।
ਗ਼ੁਲਾਮੀ ਕਦੇ ਖੁਸ਼ੀਆਂ ਦੇ ਰੰਗਾਂ ਵਿਚ ਰੰਗੀ ਨਹੀਂ ਹੁੰਦੀ।
ਵਤਨ ਦੇ ਆਸ਼ਕਾਂ ਨੇ ਤਾਂ ਇਹ ਸਿੱਧ ਕੀਤਾ ਹੈ।
ਗ਼ੁਲਾਮੀ ਤਾਂ ਯਾਰੋ ਰੱਬ ਦੀ ਵੀ ਚੰਗੀ ਨਹੀਂ ਹੁੰਦੀ।

ਇਹ ਸਿਰਫ ਇਨਸਾਨੀ ਮਨ ਦੀ ਫ਼ਿਤਰਤ ਨਹੀਂ ਸਗੋਂ ਪਸ਼ੂ ਪੰਛੀਆਂ ਦੇ ਮਨ ਦਾ ਵੀ ਸੁਭਾਅ ਹੈ ਕਿ ਉਹ ਅਜ਼ਾਦ ਫ਼ਿਜ਼ਾ ਵਿਚ ਰਹਿਣਾ ਪਸੰਦ ਕਰਦੇ ਹਨ। ਜੇਕਰ ਉਹਨਾਂ ਨੂੰ ਗ਼ੁਲਾਮੀ ਦਾ ਸਾਹਮਣਾ ਕਰਨਾ ਪਵੇ ਤਾਂ ਉਹ ਬਗਾਵਤ ਦਾ ਰਾਹ ਅਖਤਿਆਰ ਕਰਦੇ ਹਨ।ਪੁਰਾਤਨ ਸਮੇਂ ਤੋਂ ਹੀ ਛੋਟੀਆਂ-2 ਰਿਆਸਤਾਂ ਵਿਚ ਵੰਡਿਆਂ ਹੋਇਆ ਹਿੰਦੋਸਤਾਨ ਅਤੇ ਇਹਨਾਂ ਰਿਆਸਤਾਂ ਤੇ ਹਕੂਮਤ ਕਰਨ ਵਾਲੇ ਰਾਜੇ ਮਹਾਰਾਜੇ ਇੱਕ ਦੂਜੇ ਨਾਲ ਖਾਰ ਖਾਂਦੇ ਰਹਿੰਦੇ ਸਨ।ਇਸ ਸਾੜੇ ਕਰਕੇ ਹੀ ਉਹ ਖੁਦ ਦੁਸ਼ਮਣ ਨੂੰ ਸੱਦੇ ਪੱਤਰ ਭੇਜ ਕੇ ਇੱਕ ਦੂਜੇ ਉਪਰ ਹਮਲੇ ਕਰਵਾਉਂਦੇ ਰਹਿੰਦੇ ਸਨ।ਇਸ ਤਰ੍ਹਾਂ ਦੀਆਂ ਖੋਟੀਆਂ ਗਤੀਵਿਧੀਆਂ ਨੇ ਹਿੰਦੋਸਤਾਨੀ ਸਰ ਜ਼ਮੀਨ ਨੂੰ ਗ਼ੁਲਾਮ ਰੱਖਣ ਦਾ ਮੁੱਢ ਬੰਨ੍ਹਿਆ।ਇਸੇ ਕਰਕੇ ਹੀ ਇੱਕ ਸ਼ਾਇਰ ਨੇ ਲਿਖਿਆ ਹੈ:

ਨਹੀਂ ਵਿਗਾੜਾ ਭਾਰਤ ਕਾ ਕੁਸ਼ ਦੁਸ਼ਮਨ ਕੀ ਤਲਵਾਰੋਂ ਨੇ,
ਭਾਰਤ ਕੋ ਬਰਬਾਦ ਕੀਆ ਹੈ ਭਾਰਤ ਕੀ ਸਰਕਾਰੋਂ ਨੇ।

ਸਿੱਟੇ ਵਜੋਂ ਹਿੰਦੋਸਤਾਨ ਗ਼ੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਜਾਂਦਾ ਰਿਹਾ। ਹਿੰਦੋਸਤਾਨ ਹਾਲੇ ਗ਼ਜ਼ਨੀਆਂ, ਗੌਰੀਆਂ, ਅਬਦਾਲੀਆਂ ਦੇ ਹਮਲੇ ਦੇ ਲਫੇੜੇ ਸਹਿ ਕੇ ਥਾਂ ਸਿਰ ਵੀ ਨਹੀਂ ਸੀ ਹੋਇਆ ਕਿ ਅੰਗਰੇਜ਼ੀ ਹਕੂਮਤ ਨੇ ਇੱਥੇ ਆਪਣਾ ਜਾਲ਼ ਫੈਲਾਉਣਾ ਸ਼ੁਰੂ ਕਰ ਦਿੱਤਾ। 1849 ਈ. ਵਿਚ ਸਿੱਖਾਂ ਨਾਲ ਆਪਣੀ ਆਖਰੀ ਲੜਾਈ ਲ਼ੜਨ ਉਪਰੰਤ ਅਤੇ ਜਿੱਤ ਦਾ ਸਿਹਰਾ ਸਿਰ ਤੇ ਸਜਾ ਕੇ ਅੰਗਰੇਜ਼ ਸਾਰੇ ਹਿੰਦੋਸਤਾਨ ਦੇ ਮਾਲਕ ਬਣ ਬੈਠੇ। ਫਿਰ ਇਹਨਾਂ ਨੇ ਹਿੰਦੋਸਤਾਨ ਨੂੰ ਰੱਜ ਕੇ ਲੁੱਟਿਆ ਅਤੇ ਕੁੱਟਿਆ। ਇਸ ਲੁੱਟ-ਖਸੁੱਟ ਖ਼ਿਲਾਫ ਸੰਘਰਸ਼ਮਈ ਘੋ਼ਲ ਲੜਨ ਲਈ ਪੰਜਾਬੀ ਵੱਧ ਚੜ੍ਹ ਕੇ ਅੱਗੇ ਆਏ। ਲੜਨਾ ਅਤੇ ਦੁਸ਼ਮਣਾਂ ਦੇ ਆਹੂ ਲਾਹਉਣਾ ਪੰਜਾਬੀਆਂ ਦੇ ਖ਼ੂਨ ਵਿਚ ਮੁੱਢ ਕਦੀਮ ਤੋਂ ਹੀ ਸ਼ਾਮਿਲ ਸੀ। ਕਿਉਂਕਿ ਇਹ ਗੱਲ ਇਤਿਹਾਸ ਦੇ ਪੰਨਿਆਂ ਤੇ ਦਰਜ ਹੈ ਕਿ ਜਿਸ ਵੀ ਹਮਲਾਵਰ ਨੇ ਹਿੰਦੋਸਤਾਨ ਤੇ ਹਮਲਾ ਕੀਤਾ ਉਸਨੂੰ ਸਭ ਤੋਂ ਪਹਿਲਾਂ ਮੱਥਾ ਪੰਜਾਬੀਆਂ ਨਾਲ ਹੀ ਲਾਉਣਾ ਪਿਆ। ਇਸ ਲੜਾਈ ਧ਼ਲਾਈ ਵਿਚ ਹੀ ਪ਼ਲਣ ਕਰਕੇ ਪੰਜਾਬੀਆਂ ਦੇ ਹੌਸਲੇ ਸ਼ੇਰਾਂ ਵਰਗੇ ਅਤੇ ਜੁੱਸੇ ਨਰੋਏ ਸਾਬਤ ਹੋਏ।

ਹਿੰਦੋਸਤਾਨ ਵਿਚ ਅੰਗਰੇਜ਼ੀ ਹਕੂਮਤ ਦੌਰਾਨ ਗ਼ਦਰੀ ਯੋਧੇ ਭਾਈ ਬਤਨ ਸਿੰਘ ਦਾ ਜਨਮ ਪਿੰਡ ਕਾਹਰੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੰਨ 1886 ਈ. ਨੂੰ ਪਿਤਾ ਸ. ਮੇਹਰ ਸਿੰਘ ਅਤੇ ਮਾਤਾ ਸ਼੍ਰੀ ਮਤੀ ਅਤਰੀ ਦੇ ਘਰ ਹੋਇਆ।ਭਾਈ ਬਤਨ ਸਿੰਘ ਹੋਰੀਂ ਤਿੰਨ ਭਰਾ ਸਨ। ਭਾਈ ਬਤਨ ਸਿੰਘ ਤੋਂ ਛੋਟਾ ਬਚਿੱਤ ਸਿੰਘ ਹਿੰਦੋਸਤਾਨ ਵਿਚ ਹੀ ਰਿਹਾ ਪਰ ਛੋਟਾ ਮੰਗਲ ਸਿੰਘ 1913 ਈ. ਵਿਚ ਕੈਨੇਡਾ ਆ ਗਿਆ।ਮੰਗਲ ਸਿੰਘ ਦੀ ਇੱਥੇ ਆਰਾ ਮਿਲ ਵਿਚ ਇੱਕ ਦੁਰਘਟਨਾ ਦੌਰਾਨ ਮੌਤ ਹੋ ਗਈ। ਭਾਈ ਬਤਨ ਸਿੰਘ ਦਾ ਵਿਆਹ ਗਿਆਰਾਂ ਸਾਲ ਦੀ ਉਮਰੇ ਪੁਰ ਹੀਰਾਂ ਦੀ ਕਰਮ ਕੌਰ ਨਾਲ ਹੋ ਗਿਆ। ਕਰਮ ਕੌਰ ਦੀ ਕੁੱਖੋਂ 1907 ਈ. ਵਿਚ ਆਪ ਦੇ ਘਰ ਇੱਕ ਪੁਤਰ ਨੇ ਜਨਮ ਲਿਆ ਜਿਸ ਦਾ ਨਾਂ ਕਰਤਾਰ ਸਿੰਘ ਰੱਖਿਆ। ਵੱਡਾ ਹੋ ਕੇ ਕਰਤਾਰ ਸਿੰਘ ਸ਼ਹੀਦ ਭਾਈ ਬਲਵੰਤ ਸਿੰਘ ਦੀ ਧੀ ਨਰੰਜਨ ਕੌਰ ਨਾਲ ਵਿਆਹਿਆ ਗਿਆ। 1921 ਈ. ਵਿਚ ਕਰਤਾਰ ਸਿੰਘ ਦੇ ਘਰ ਧੀ ਪ੍ਰਕਾਸ਼ ਕੌਰ ਜਨਮੀ ਜੋ ਬਾਅਦ ਵਿਚ ਗ਼ਦਰੀ ਨਿਰੰਜਨ ਸਿੰਘ ਪੰਡੋਰੀ ਦੇ ਪੋਤਰੇ ਜਗਜੀਤ ਸਿੰਘ ਨਾਲ ਵਿਆਹੀ ਗਈ।

ਇਹ ਗੱਲ ਆਪਣੇ ਆਪ 'ਚ ਹੀ ਕਾਬਲੇ ਤਾਰੀਫ਼ ਹੈ ਕਿ ਗ਼ਦਰੀਆਂ ਨੇ ਆਪਣੇ ਬੱਚਿਆਂ ਦੇ ਰਿਸ਼ਤੇ ਵੀ ਗ਼ਦਰੀਆਂ ਨਾਲ ਹੀ ਜੋੜੇ। ਦੇਸ਼ ਨੂੰ ਅਜ਼ਾਦ ਕਰਾਉਣ ਲਈ ਵਿਦੇਸ਼ਾਂ ਵਿਚ ਆਪਣੇ ਵਧੀਆ ਕਾਰੋਬਾਰ ਛੱਡ ਕੇ ਗ਼ਦਰੀ ਦੇਸ਼ ਭਗਤਾਂ ਨੇ ਆਪਣੇ ਦੇਸ਼ ਨੂੰ ਵਹੀਰਾਂ ਘੱਤ ਦਿੱਤੀਆ।ਦੇਸ਼ ਵਿਚ ਆ ਕੇ ਉਸ ਹਕੂਮਤ ਨਾਲ ਟੱਕਰ ਲਈ ਜਿਸਦੇ ਰਾਜ ਵਿਚ ਕਦੀ ਸੂਰਜ ਨਹੀਂ ਸੀ ਛਿਪਦਾ।ਗ਼ਦਰ ਪਾਰਟੀ ਦੀ ਬਗ਼ਾਬਤ ਸਫਲ ਨਾ ਹੋ ਸਕੀ। ਗ਼ਦਾਰਾਂ ਨੇ ਸਮੇਂ ਸਮੇਂ ਤੇ ਗ਼ਦਰ ਪਾਰਟੀ ਦੀਆਂ ਗੁਪਤ ਗਤੀਵਿਧੀਆਂ ਲਾਲਚ ਵੱਸ ਮੁਰੱਬੇ ਅਤੇ ਪੈਸੇ ਲੈ ਕੇ ਅੰਗਰੇਜ਼ੀ ਹਕੂਮਤ ਕੋਲ ਨਸ਼ਰ ਕਰ ਦਿੱਤੀਆਂ। ਬਹੁਤ ਸਾਰੇ ਗ਼ਦਰੀ ਗਿਰਫ਼ਤਾਰ ਹੋਏ।ਸੈਂਕੜਿਆਂ ਦੀ ਤਾਦਾਦ ਵਿਚ ਗ਼ਦਰੀ ਯੋਧਿਆਂ ਨੂੰ ਉਮਰ ਕੈਦਾਂ ਅਤੇ ਕਾਲੇ ਪਾਣੀਆਂ ਦੀਆਂ ਜ਼ੇਲਾਂ ਹੋਈਆਂ। ਇਹਨਾਂ ਦੀਆਂ ਜ਼ਮੀਨਾਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਗਿਆ। ਗ਼ਦਰੀਆਂ ਨੇ ਕੋਈ ਪ੍ਰਵਾਹ ਨਾ ਕੀਤੀ। ਸਾਰਾ ਕੁਝ ਦੇਸ਼ ਕੌਮ ਦੇ ਲੇਖੇ ਲਾ ਦਿੱਤਾ। ਆਪਣੇ ਬੱਚਿਆਂ ਦੇ ਭਵਿੱਖ ਬਾਰੇ ਵੀ ਨਾ ਸੋਚਿਆ। ਉਮਰ ਕੈਦਾਂ ਭੁਗਤਦਿਆਂ ਨੇ ਜ਼ੇਲ੍ਹਾਂ ਵਿਚ ਬੈਠਿਆਂ ਆਪਣੇ ਧੀਆਂ ਪੁਤਰਾਂ ਦੇ ਰਿਸ਼ਤੇ ਇੱਕ ਦੂਜੇ ਨਾਲ ਗੰਢ ਲਏ।



ਭਾਈ ਬਤਨ ਸਿੰਘ ਨੇ ਮੁਢਲੀ ਵਿਦਿਆ ਪਿੰਡ ਤੋਂ ਹੀ ਗ੍ਰਹਿਣ ਕੀਤੀ। ਇਹਨਾਂ ਦਾ ਪਰਿਵਾਰ ਆਰਥਿਕ ਪੱਖੋਂ ਜਿਆਦਾ ਖੁਸ਼ਹਾਲ ਨਹੀਂ ਸੀ।ਜ਼ਮੀਨ ਜਾਇਦਾਦ ਥੋੜ੍ਹੀ ਸੀ। ਜਿਹੜੀ ਮਾੜੀ ਮੋਟੀ ਸਿਗੀ ਵੀ ਉਹ ਰੇਤੀਲੀ ਸੀ।ਘਰ ਦਾ ਗੁਜਾਰਾ ਮੁਸ਼ਕਲ ਨਾਲ ਚਲਦਾ ਸੀ। ਪਰਿਵਾਰ ਦੀ ਆਰਥਿਕਤਾ ਨੂੰ ਖੁਸ਼ਹਾਲ ਕਰਨ ਦੇ ਮਕਸਦ ਨਾਲ ਬਤਨ ਸਿੰਘ ਫ਼ੌਜ਼ ਵਿਚ ਭਰਤੀ ਹੋ ਗਏ। ਆਪ ਅਜ਼ਾਦ ਤਬੀਅਤ ਦੇ ਮਾਲਕ ਸਨ।ਗੁਲਾਮਾਂ ਨਾਲ ਹੋਰ ਅੱਤ ਦਰਜੇ ਦਾ ਗ਼ੁਲਾਮਾਂ ਵਾਲਾ ਵਿਵਹਾਰ ਦੇਖ ਕੇ ਆਪ ਨੇ ਫ਼ੌਜ਼ ਦੀ ਨੌਕਰੀ ਨੂੰ ਲੱਤ ਮਾਰ ਦਿੱਤੀ ਅਤੇ 1906 ਈ. ਵਿਚ ਵੈਨਕੂਵਰ ਆ ਗਏ।

ਵੈਨਕੂਵਰ ਆ ਕੇ ਭਾਈ ਬਤਨ ਸਿੰਘ ਲੱਕੜ ਮਿੱਲ 'ਚ ਕੰਮ ਕਰਨ ਲੱਗੇ।ਉਸ ਸਮੇਂ ਹਿੰਦੋਸਤਾਨੀਆਂ ਨੇ ਅਜੇ ਅਮਰੀਕਾ ਕੈਨੇਡਾ ਆਉਣਾ ਸ਼ੁਰੂ ਨਹੀਂ ਸੀ ਕੀਤਾ। ਹੌਲੀ-2 ਅਮਰੀਕਾ ਕੈਨੇਡਾ ਆਉਣ ਵਾਲੇ ਹਿੰਦੋਸਤਾਨੀਆਂ ਦੀ ਤਦਾਦ ਵਧਦੀ ਗਈ।ਭਾਈ ਬਤਨ ਸਿੰਘ ਦਾ ਹੋਰ ਸਾਥੀਆਂ ਨਾਲ ਮੇਲ ਮਿਲਾਪ ਹੋਣ ਲੱਗਾ। ਵੈਨਕੂਵਰ ਦੀ ਅਜ਼ਾਦ ਫ਼ਿਜ਼ਾ ਨੇ ਆਪ ਦੇ ਮਨ ਨੂੰ ਟੁੰਬਿਆ। ਵੈਨਕੂਵਰ ਰਹਿੰਦਿਆਂ ਆਪ ਦਾ ਮੇਲ ਭਾਈ ਬਲਵੰਤ ਸਿੰਘ ਖੁਰਦਪੁਰ, ਬਾਬੂ ਹਰਨਾਮ ਸਿੰਘ ਸਾਹਰੀ ਨਾਲ ਹੋਇਆ। ਇਹ ਦੋਵੇਂ ਭਾਈ ਬਤਨ ਸਿੰਘ ਦੇ ਗੁਆਂਢੀ ਸਨ।ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਅਤੇ ਤਾਰਕਨਾਥ ਦਾਸ ਦੇ ਵਿਚਾਰਾਂ ਨੇ ਆਪ ਦੇ ਮਨ ਨੂੰ ਬਹੁਤ ਪ੍ਰਭਾਵਿਤ ਕੀਤਾ। ਦੇਸ਼ ਨੂੰ ਅਜ਼ਾਦ ਕਰ-ਾਉਣ ਲਈ ਉੱਠ ਰਹੀ ਲਹਿਰ ਨੇ ਬਤਨ ਸਿੰਘ ਦੇ ਮਨ ਵਿਚ ਦੇਸ਼ ਪਿਆਰ ਦੀਆਂ ਤੰਦਾਂ ਨੂੰ ਮਜ਼ਬੂਤ ਕਰ ਦਿੱਤਾ। ਦੇਸ਼ ਲਈ ਇਹਨਾਂ ਦੇ ਮਨ ਵਿਚ ਤਰ੍ਹਾਂ ਤਰ੍ਹਾਂ ਦੇ ਵਿਚਾਰ ਪਨਪਣ ਲੱਗੇ। ਇਹਨਾਂ ਸੋਚਿਆ ਕਿ ਸਾਡੇ ਦੇਸ਼ ਦੀ ਨੱਬੇ ਪ੍ਰਤੀਸ਼ਤ ਜਨਸੰਖਿਆਂ ਅਨਪੜ੍ਹ ਹੈ। ਅਨਪੜ੍ਹ ਵਿਅਕਤੀ ਨੂੰ ਦੇਸ਼ ਦੀ ਅਜ਼ਾਦੀ ਲਈ ਤਿਆਰ ਕਰਨਾ ਸੌਖੀ ਗੱਲ ਨਹੀਂ। ਸੋ ਹਿੰਦੋਸਤਾਨੀਆਂ ਨੂੰ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿਚ ਸ਼ਾਮਿਲ ਕਰਨ ਲਈ ਜਰੂਰੀ ਹੈ ਕਿ ਉਹਨਾਂ ਨੂੰ ਪਹਿਲਾਂ ਪੜ੍ਹਾਇਆ ਜਾਵੇ। ਭਾਈ ਬਤਨ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪੰਜਾਬ 'ਚ ਸਕੂਲ ਖੋਲ੍ਹਣ ਦੀ ਯੋਜਨਾ ਬਣਾਈ। ਇਸ ਮਕਸਦ ਨੂੰ ਪੂਰਾ ਕਰਨ ਲਈ ਵੈਨਕੂਵਰ 'ਚ ਪਹਿਲੀ ਜਨਵਰੀ 1910 ਈ. ਨੂੰ ਇੱਕ ਕਮੇਟੀ ਬਣਾਈ ਗਈ। ਬਤਨ ਸਿੰਘ ਇਸ ਕਮੇਟੀ ਦੇ ਸਕੱਤਰ ਸਨ। ਆਪ ਨੇ ਸਾਥੀਆਂ ਨਾਲ ਮਿਲ ਕੇ ਖਾਲਸਾ ਹਾਈ ਸਕੂਲ ਜਲੰਧਰ ਲਈ ਪੈਸੇ ਇਕੱਠੇ ਕੀਤੇ। ਭਾਈ ਬਤਨ ਸਿੰਘ ਨੇ ਆਪਣੀ ਛੇ ਮਹੀਨੇ ਦੀ ਕਮਾਈ ਇਸ ਫੰਡ 'ਚ ਦਾਨ ਕਰ ਦਿੱਤੀ।

ਵੈਨਕੂਵਰ ਰਹਿੰਦੇ ਪੰਜਾਬੀ ਦੇਸ਼ ਭਗਤਾਂ ਨੇ ਆਪਣੀ ਕਮਾਈ 'ਚੋਂ ਤਿਲਫੁਲ ਇਕੱਠੇ ਕਰਕੇ ਇੱਕ ਗੁਰਦੁਆਰੇ ਦਾ ਨਿਰਮਾਣ ਕਰਾਇਆ।ਇਹ ਗੁਰਦੁਆਰਾ ਜਨਵਰੀ 1908 'ਚ ਬਣ ਕੇ ਤਿਆਰ ਹੋ ਗਿਆ। ਗ਼ਦਰੀ ਦੇਸ਼ ਭਗਤਾਂ ਦੀਆਂ ਗਤੀਵਿਧੀਆਂ ਦਾ ਮੁਖ ਅੱਡਾ ਇਹ ਗੁਰਦੁਆਰਾ ਹੀ ਸੀ।ਇੱਥੇ ਦੇਸ਼ ਭਗਤਾਂ ਦੀਆਂ ਮੀਟਿਗਾਂ ਹੁੰਦੀਆਂ ਰਹਿੰਦੀਆਂ ਸਨ। ਭਾਈ ਬਤਨ ਸਿੰਘ ਅਕਸਰ ਇਹਨਾਂ ਮੀਟਿੰਗਾਂ ਦਾ ਅੰਗ ਬਣੇ ਰਹਿੰਦੇ। ਅਪ੍ਰੈਲ 1913 ਈ. ਵਿਚ ਗ਼ਦਰ ਪਾਰਟੀ ਦਾ ਗਠਨ ਹੋ ਗਿਆ।ਭਾਈ ਬਤਨ ਸਿੰਘ ਗ਼ਦਰ ਪਾਰਟੀਆਂ ਦੀਆਂ ਕਾਰਵਾਈਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ।

ਗ਼ਦਰ ਪਾਰਟੀ ਦੇ ਇਤਿਹਾਸ 'ਚ 'ਕਾਮਗਾਟਾਮਾਰੂ ਦੀ ਘਟਨਾ' ਦਾ ਅਹਿਮ ਸਥਾਨ ਹੈ। ਬਾਬਾ ਗੁਰਦਿੱਤ ਸਿੰਘ ਦੁਆਰਾ ਜਪਾਨੀ ਕੰਪਨੀ ਤੋਂ ਕਿਰਾਏ ਤੇ ਲਿਆ ਜਹਾਜ਼ ਜਦੋਂ 376 ਮੁਸਾਫਿਰਾਂ ਨੂੰ ਲੈ ਕੇ ਕੈਨੇਡਾ ਪੁੱਜਾ।ਕੈਨੇਡਾ ਦੀ ਸਰਕਾਰ ਦੇ ਮਨ ਵਿਚ ਇਸ ਜਹਾਜ਼ ਦੇ ਮੁਸਾਫਿਰਾਂ ਪ੍ਰਤੀ ਪਹਿਲਾਂ ਹੀ ਰੋਸ ਸੀ।ਇਹਨਾਂ ਨੇ ਮੁਸਾਫਿਰਾਂ ਨੂੰ ਉਤਾਰਨ ਤੋਂ ਇਨਕਾਰ ਕਰ ਦਿੱਤਾ ਅਤੇ ਮੁਸਾਫਿਰਾਂ ਦੇ ਕੇਸਾਂ ਵਿਚ ਕਈ ਤਰ੍ਹਾਂ ਦੀਆਂ ਖ਼ਾਮੀਆਂ ਦਿਖਾ ਕੇ ਜਹਾਜ਼ ਨੂੰ ਵਾਪਸ ਮੁੜ ਜਾਣ ਦਾ ਹੁਕਮ ਚਾੜ੍ਹ ਦਿੱਤਾ। ਇਹਨਾਂ ਮੁਸਾਫਿਰਾਂ ਦੇ ਹੱਕਾਂ ਵਿਚ ਕਾਨੂੰਨੀ ਲੜਾਈ ਲੜਨ ਲਈ ਇੱਕ ਕਮੇਟੀ ਬਣੀ। ਭਾਈ ਬਤਨ ਸਿੰਘ ਵੀ ਇਸ ਪੰਦਰਾਂ ਮੈਂਬਰੀ ਕਮੇਟੀ ਦੇ ਮੈਂਬਰ ਸਨ। ਭਾਈ ਬਤਨ ਸਿੰਘ ਨੇ ਇਸ ਕਮੇਟੀ ਲ਼ਈ ਕਾਫ਼ੀ ਵਿੱਤੀ ਸਾਧਨਾਂ ਦਾ ਪ੍ਰਬੰਧ ਕੀਤਾ। ਪਰ ਇਸ ਕਮੇਟੀ ਦੇ ਯਤਨਾਂ ਨੂੰ ਕੋਈ ਬੂਰ ਨਾ ਪਿਆ ਅਤੇ ਜਹਾਜ਼ ਨੂੰ ਸਮੇਤ ਮੁਸਾਫਿਰਾਂ ਵਾਪਸ ਮੁੜਨਾ ਪਿਆ। ਗ਼ਦਰੀਆਂ ਦੇ ਮਨ ਵਿਚ ਇਸ ਘਟਨਾ ਪ੍ਰਤੀ ਕਾਫ਼ੀ ਰੋਸ ਸੀ। ਉਹਨਾਂ ਨੇ ਜੋਸ਼ ਵਿਚ ਆ ਕੇ ਦੇਸ਼ ਨੂੰ ਅਜ਼ਾਦ ਕਰਾਉਣ ਦੇ ਮਕਸਦ ਨਾਲ ਹਿੰਦੋਸਤਾਨ ਨੂੰ ਚਾਲੇ ਪਾ ਦਿੱਤੇ। ਗ਼ਦਰ ਪਾਰਟੀ ਦਾ ਨਾਅਰਾ ਸੀ:

ਉਦੇਸ਼ ਨੂੰ ਚੱਲੋ ਦੇਸ਼ ਨੂੰ ਚੱਲੋ,
ਦੇਸ਼ ਮਾਂਗਤਾ ਹੈ ਕੁਰਬਾਨੀਆਂ।
ਕਾਹਤੋਂ ਪ੍ਰਦੇਸ਼ਾਂ ਵਿਚ ਰੋ਼ਲੀਏ ਜਵਾਨੀਆਂ,
ਦੇਸ਼ ਨੂੰ ਚੱਲੋ ਦੇਸ਼ ਨੂੰ ਚੱਲੋ।"

ਤਹਿਤ ਗ਼ਦਰੀਆਂ ਨੇ ਹਿੰਦੋਸਤਾਨ ਨੂੰ ਅੰਗਰੇਜ਼ਾਂ ਦੇ ਚੁੰਗਲ ਵਿਚੋਂ ਅਜ਼ਾਦ ਕਰਾਉਣ ਕਰਾਉਣ ਲਈ ਆਪਣੇ ਵਤਨ ਵੱਲ ਵਹੀਰਾਂ ਘੱਤ ਦਿੱਤੀਆਂ। ਭਾਈ ਬਤਨ ਸਿੰਘ ਵੀ ਆਪਣੇ ਕਾਰੋਬਾਰ ਨੂੰ ਠੱਪ ਕਰਕੇ ਆਪਣੇ ਸਾਥੀਆਂ ਨਾਲ ਦੇਸ਼ ਨੂੰ ਅਜ਼ਾਦ ਕਰਾਉਣ ਲਈ ਵਤਨ ਵੱਲ ਉਮੜ ਪਿਆ। ਉਸ ਸਮੇਂ ਆਪ ਦੇ ਨਾਲ ਭਾਈ ਬਲਵੰਤ ਸਿੰਘ ਖੁਰਦਪੁਰ ਸਮੇਤ ਟੱਬਰ ਅਤੇ ਕਰਤਾਰ ਸਿੰਘ ਨਵਾਂ ਪਿੰਡ ਵੀ ਹਾਜ਼ਰ ਸਨ। 14 ਮਾਰਚ 1915 ਨੂੰ ਆਪ ਇਸ ਜਥੇ ਸਮੇਤ ਕ਼ਲੰਬੋ ਪਹੁੰਚੇ। 25 ਮਾਰਚ 1915 ਨੂੰ ਭਾਈ ਬਤਨ ਸਿੰਘ ਲੁਧਿਆਣੇ ਪਹੁੰਚੇ ਜਿੱਥੇ ਆਪ ਨੂੰ ਗਿਰਫਤਾਰ ਕਰਕੇ ਜ਼ੇਲ੍ਹ ਵਿਚ ਡੱਕ ਦਿੱਤਾ ਗਿਆ। ਬੇਲਾ ਸਿੰਘ ਜਿਆਣ ਗ਼ਦਾਰ ਜਿਸਨੇ ਵੈਨਕੂਵਰ ਦੇ ਗੁਰਦੁਆਰੇ ਵਿਚ ਗ਼ਦਰੀਆਂ ਤੇ ਹਮਲਾ ਕਰਵਾਇਆ ਸੀ ਬਦਕਿਸਮਤੀ ਨਾਲ 26 ਅਕਤੂਬਰ ਨੂੰ ਲੁਧਿਆਣੇ ਜ਼ੇਲ੍ਹ ਵਿਚ ਪਹੁੰਚ ਗਿਆ। ਬੇਲਾ ਸਿੰਘ ਅੰਗਰੇਜ਼ਾਂ ਲਈ ਇੱਕ ਤਰ੍ਹਾਂ ਨਾਲ ਸੂਹੀਆਂ ਵਾਂਗ ਕੰਮ ਕਰਦਾ ਸੀ। ਗ਼ਦਰੀਆਂ ਨੂੰ ਗਿਰਫਤਾਰ ਕਰਵਾ ਕੇ ਬੇਲਾ ਸਿੰਘ ਚਾਰ ਮੁਰੱਬੇ ਜ਼ਮੀਨ ਪਹਿਲਾਂ ਹੀ ਪ੍ਰਾਪਤ ਕਰ ਚੁਕਿਆ ਸੀ। ਲੁਧਿਆਣੇ ਜ਼ੇਲ੍ਹ ਵਿਚ ਪ੍ਰੇਡ ਸਮੇਂ ਬੇਲਾ ਸਿੰਘ ਨੇ ਭਾਈ ਬਤਨ ਸਿੰਘ ਦੀ ਪਹਿਚਾਣ ਕਰ ਲਈ। ਉਸ ਨੇ ਭਾਈ ਬਤਨ ਸਿੰਘ ਖ਼ਿਲਾਫ ਗ਼ਦਰ ਪਾਰਟੀ ਮੈਂਬਰ, ਗ਼ਦਰੀ ਸਾਹਿਤ ਵੇਚਣ, ਸ਼ੇਅਰ ਕਮੇਟੀ ਮੈਂਬਰ ਅਤੇ ਗ਼ਦਰ ਪਾਰਟੀ ਕੰਮ ਕਰਨ ਦੇ ਦੋਸ਼ ਲਗਾਏ।

ਲੁਧਿਆਣੇ ਵਿਖੇ ਗਿਰਫਤਾਰੀ ਸਮੇਂ ਬਤਨ ਸਿੰਘ ਦੀ ਜੇਬ 'ਚੋਂ ਇੱਕ ਪੌਕਿਟ ਮਿਲੀ ਜੋ ਭਾਈ ਬਲਵੰਤ ਸਿੰਘ ਖੁਰਦਪੁਰ ਨਾਲ ਸੰਬੰਧਿਤ ਸੀ।ਭਾਈ ਬਲਵੰਤ ਸਿੰਘ ਖੁਰਦਪੁਰ। ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚ ਇੱਕ ਖ਼ੂੰਖਾਰ ਵਿਅਕਤੀ ਸੀ। ਇਸ ਪੌਕਿਟ 'ਚ ਫ਼ਾਰਸੀ ਵਿਚ ਹੇਠ ਲਿਖੀਆਂ ਸਤਰਾਂ ਲਿਖੀਆਂ ਹੋਈਆਂ ਸਨ।:

ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ।

ਇਹਨਾਂ ਸਤਰਾਂ ਦਾ ਗੁਰਮੁਖੀ ਵਿਚ ਅਨੁਵਾਦ ਵੀ ਲਿਖਿਆ ਹੋਇਆ ਸੀ।ਕਿ ਜਦ ਇਨਸਾਫ ਦੀ ਪ੍ਰਾਪਤੀ ਦੇ ਹੋਰ ਸਾਰੇ ਤਰੀਕੇ ਫੇਲ੍ਹ ਹੋ ਜਾਣ ਤਾਂ ਤਲਵਾਰ ਉਠਾਉਣੀ ਜਾਇਜ਼ ਹੈ।ਇਸ ਤਰ੍ਹਾਂ ਦੀ ਸਮੱਗਰੀ ਕੋਲ ਹੋਣ ਕਰਕੇ ਸਰਕਾਰ ਨੇ ਆਪ ਤੇ ਸ਼ਿਕੰਜਾ ਹੋਰ ਕੱਸ ਦਿੱਤਾ। ਭਾਈ ਬਤਨ ਸਿੰਘ ਅਤੇ ਸਾਥੀਆਂ ਤੇ ਦੂਜਾ ਲਾਹੌਰ ਕਾਂਸਪੀਰੇਸੀ ਮੁਕੱਦਮਾ ਚਲਾਇਆ ਗਿਆ। ਇਸ ਮੁੱਦਮੇ ਤਹਿਤ ਭਾਈ ਬਤਨ ਸਿੰਘ ਨੂੰ ਉਮਰ ਕੈਦ ਅਤੇ ਘਰ-ਘਾਟ ਜ਼ਬਤੀ ਦੀ ਸਜ਼ਾ ਸਣਾਈ ਗਈ।ਕੁੱਝ ਸਮੇਂ ਬਾਅਦ ਭਾਈ ਬਤਨ ਸਿੰਘ ਦੀ ਸਜ਼ਾ ਸੱਤ ਸਾਲ ਕਰ ਦਿੱਤੀ ਗਈ। ਪੰਜਾਬ ਦੀ ਜ਼ੇਲ੍ਹ ਵਿਚ ਰੱਖਣ ਤੋਂ ਬਾਅਦ ਆਪ ਨੂੰ ਬਿਹਾਰ ਪ੍ਰਾਂਤ ਦੀ ਹਜ਼ਾਰੀ ਬਾਗ ਜ਼ੇਲ੍ਹ ਵਿਚ ਭੇਜ ਦਿੱਤਾ ਗਿਆ। ਭਾਈ ਬਤਨ ਸਿੰਘ ਧਾਰਮਿਕ ਖਿਆਲਾਂ ਦੇ ਵਿਅਕਤੀ ਸਨ।ਜ਼ੇਲ੍ਹ ਵਿਚ ਆਪ ਦਾ ਬਹੁਤਾ ਸਮਾਂ ਗੁਰਬਾਣੀ ਦਾ ਪਾਠ ਕਰਦਿਆਂ ਹੀ ਗੁਜ਼ਰਦਾ ਸੀ।ਆਪ ਨੇ ਬਹੁਤ ਸਾਰੀ ਬਾਣੀ ਕੰਠ ਕੀਤੀ ਹੋਈ ਸੀ। ਮਾਰਚ 1920 ਈ. ਵਿਚ ਕੈਨੇਡਾ ਤੋਂ ਇੱਕ ਸ਼ਾਹੀ ਫੁਰਮਾਨ ਜਾਰੀ ਹੋਇਆ।ਇਸ ਫੁਰਮਾਨ ਤਹਿਤ ਬਹੁਤ ਸਾਰੇ ਕੈਦੀ ਜ਼ੇਲ੍ਹਾਂ ਤੋਂ ਰਿਹਾਅ ਕਰ ਦਿੱਤੇ ਗਏ। ਰਿਹਾਅ ਕਰਨ ਵਾਲੇ ਕੈਦੀਆਂ ਵਿਚ ਭਾਈ ਬਤਨ ਸਿੰਘ ਵੀ ਸ਼ਾਮਿਲ ਸੀ।ਇਸ ਸਮੇਂ ਤੱਕ ਗ਼ਦਰ ਲਹਿਰ ਫੇਲ੍ਹ ਹੋ ਚੁੱਕੀ ਸੀ। ਇਸ ਦੇ ਬਹੁਤ ਸਾਰੇ ਕਾਰਕੁੰਨਾਂ ਨੂੰ ਫਾਂਸੀਆਂ ਦੇ ਤਖ਼ਤਿਆਂ ਤੇ ਚਾੜ੍ਹ ਦਿੱਤਾ ਗਿਆ ਸੀ ਅਤੇ ਬਾਕੀ ਰਹਿੰਦਿਆਂ ਨੂੰ ਕਾਲੇ ਪਾਣੀ ਦੀ ਭਿਆਨਕ ਜ਼ੇਲ੍ਹ ਵਿਚ ਭੇਜ ਦਿੱਤਾ ਗਿਆ ਸੀ।

ਜ਼ੇਲ੍ਹਾਂ ਵਿਚੋਂ ਰਿਹਾਅ ਹੋਏ ਗ਼ਦਰੀ ਚੁੱਪ ਕਰਕੇ ਨਹੀਂ ਬੈਠੇ।ਇਹਨਾਂ ਗ਼ਦਰ ਪਾਰਟੀ ਦੀ ਦੂਸਰੀ ਲਹਿਰ ਬੱਬਰ ਅਕਾਲੀ ਲਹਿਰ ਨੂੰ ਸੁਰਜੀਤ ਕਰਕੇ ਅੰਗਰੇਜ਼ਾਂ ਦੇ ਖਿਲਾਫ ਸੰਘਰਸ਼ ਅਰੰਭਿਆ।ਬੱਬਰ ਅਕਾਲੀ ਲਹਿਰ ਦੀ ਪਹਿਲੀ ਕਾਨਫਰੰਸ ਮਾਰਚ 1921 ਈ. ਵਿਚ ਭਾਈ ਬਤਨ ਸਿੰਘ ਦੇ ਸਹੁਰੇ ਪਿੰਡ ਪੁਰਹੀਰਾਂ ਵਿਖੇ ਹੋਈ।ਇਸ ਕਾਨਫਰੰਸ ਵਿਚ ਸਿੱਖਿਆ ਅਤੇ ਸਮਾਜ ਦੀ ਅਜ਼ਾਦੀ ਨੂੰ ਤਰਜੀਹ ਦਿੱਤੀ ਗਈ।ਬੱਬਰਾਂ ਦੇ ਸੰਘਰਸ਼ਸ਼ੀਲ ਵਿਦਰੋਹ ਤੋਂ ਅੰਗਰੇਜ਼ੀ ਹਕੂਮਤ ਥਰ-ਥਰ ਕੰਬਣ ਲੱਗੀ।ਭਾਈ ਵਤਨ ਸਿੰਘ ਨੇ ਬੱਬਰ ਅਕਾਲੀ ਲਹਿਰ ਲਈ ਬੜੀ ਸਰਗਰਮੀ ਨਾਲ ਕੰਮ ਕੀਤਾ। ਅਚਾਨਕ ਇੱਕ ਦਿਨ ਲਾਹੌਰ ਵਿਖੇ ਇੱਕ ਬੁੱਢੀ ਔਰਤ ਨੂੰ ਬਚਾਉਂਦਿਆਂ ਆਪ ਨੂੰ ਇੱਕ ਹਲਕੇ ਹੋਏ ਕੁੱਤੇ ਨੇ ਵੱਢਿਆ। ਅੰਗਰੇਜ਼ੀ ਹਕੂਮਤ ਦਾ ਉਸ ਸਮੇਂ ਆਪ ਉੱਤੇ ਬੜਾ ਪਹਿਰਾ ਸੀ। ਕੁੱਤੇ ਦੇ ਕੱਟਣ ਦਾ ਆਪ ਸਹੀ ਤਰ੍ਹਾਂ ਇਲਾਜ ਵੀ ਨਾ ਕਰਵਾ ਸਕੇ।ਅੰਤ ਜੁਲਾਈ 1921 ਈ. ਵਿਚ ਹ਼ਲਕ ਦੀ ਬਿਮਾਰੀ ਕਾਰਨ ਆਪ ਸਦਾ ਲਈ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ।

ਪਰਿਵਾਰ ਦੀ ਆਰਥਿਕਤਾ ਨੂੰ ਖੁਸ਼ਹਾਲ ਕਰਨ ਦੇ ਮਕਸਦ ਨਾਲ ਵਿਦੇਸ਼ ਗਿਆ ਇਹ ਜਾਂਬਾਜ਼ ਸਿਪਾਹੀ ਸਭ ਕੁਝ ਤਿਆਗ ਕੇ ਆਪਣੀ ਜ਼ਿੰਦਗੀ ਦੇਸ਼ ਕੌਮ ਦੇ ਲੇਖੇ ਲਾ ਗਿਆ। ਸਾਨੂੰ ਭਾਰਤ ਦੇ ਇਸ ਮਹਾਨ ਸਪਤ ਤੇ ਸਦਾ ਮਾਣ ਰਹੇਗਾ।

---

## ਬਾਬਾ ਸਾਹਿਬ ਹਮਦਰਦ ਗਰੀਬਾਂ ਦਾ



ਦਿਲ ਦੇ ਵਿਚ ਸਮੋ ਕੇ ਸਾਰਾ
ਦਰਦ ਗਰੀਬਾਂ ਦਾ
ਬਾਬਾ ਸਾਹਿਬ ਸੀ ਬਣਿਆ
ਫਿਰ ਹਮਦਰਦ ਗਰੀਬਾਂ ਦਾ
ਦੇਖੀਆਂ ਜਦੋਂ ਕਿ ਕੰਮ ਮੇਰੇ
ਤਾਂ ਪਸ਼ੂਆਂ ਤੋਂ ਵੀ ਥੱਲੇ
ਉਦੋਂ ਹੀ ਉਸਨੇ ਬੋਲ ਦਿੱਤੇ
ਫਿਰ ਮਨੂੰਵਾਦ ਤੇ ਹੱਲੇ

ਮਾਰ ਕੇ ਹੰਭਲਾ ਦੂਰ ਕੀਤਾ, ਫਿਰ ਗਰਜ਼ ਗਰੀਬਾਂ ਦਾ
ਕਾਇਰ ਨਾਲੋਂ ਮਰਨਾ ਚੰਗਾ ਆਓ ਮਰੀਏ ਲੜ ਕੇ

ਜੀਣ ਦਾ ਰਾਹ ਦਿਖਾਈ ਦਿਖਲਾਇਆ
ਕੱਤਿਆਂ ਡੁੱਬਿਆ ਨੂੰ ਹੱਥ ਫੜ ਕੇ
ਤਪਦਾ ਸੀਨਾ ਠੰਡਾ ਕੀਤਾ ਸਰਦ ਗਰੀਬਾਂ ਦਾ।
ਸਭ ਦੇ ਨਾਲ ਲੜਾਈ ਕਰਕੇ ਦੁਖੜੇ ਸਹਿ ਕੇ ਡਾਢੇ
ਬਿਹ ਮਾਤਾ ਦੇ ਵਾਂਗਰ ਬਿਹ ਕੇ ਲੇਖ ਲਿਖੇ ਫਿਰ ਸਾਡੇ
ਸਿਰ ਦੇ ਉਪਰੋਂ ਲਾਹ ਦਿੱਤਾ, ਫਿਰ ਕਰਜ਼ ਗਰੀਬਾਂ ਦਾ।
ਅੱਖੀਂ ਦੇਖ ਕੇ ਮੱਖੀ 'ਬੰਗੜਾ' ਖਾਣੀ ਬਹੁਤ ਹੈ ਔਖੀ
ਅੱਗ ਹੱਡਾਂ ਨੂੰ ਲੱਗ ਜਾਵੇ ਤਾਂ ਬਹਿਣ ਨਹੀਂ ਦਿੰਦੀ ਸੌਖੀ
ਲਿਖਿਆ ਫਿਰ ਸੰਵਿਧਾਨ ਜਾਣ ਦੇ ਫਰਜ਼ ਗਰੀਬਾਂ ਦਾ।

**-ਰਮੇਸ਼ ਬੰਗੜ**
(916-715-3441)

---

## ਮਾਂ ਦੀ ਯਾਦ



ਰਾਤ ਆਉਦੀ ਬਾਤ ਪਾਉਂਦ
ਗਰਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

ਸੁਪਨੇ ਦੇ ਵਿਚ ਜਦ ਕਿਧਰੇ
ਮੈਂ ਪਿੰਡ ਜਾਵਾਂ
ਮਿੱਟੀ ਵਿਹੜੇ ਦੀ ਨੂੰ ਚੁੰਮ ਕੇ
ਮੈਂ ਮੱਥੇ ਲਾਵਾਂ
ਯਾਦ ਨਹੀਂਓ ਭੁੱਲਦੀ
ਬੋਹੜਾਂ ਵਾਲੀ ਛਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

ਲੁੱਕਣ ਮੀਚੀ ਖੇਡਾਂ
ਪਰ ਹਾਣੀ ਹੈ ਨਹੀਂ
ਇਕੱਠੇ ਜਿਹੜੇ ਘੁੰਮਦੇ ਸੀ
ਉਹ ਢਾਣੀ ਹੈ ਨਹੀਂ
ਯਾਦ ਨਹੀਉਂ ਜਾਂਦੀ
ਉਹਨਾਂ ਦੇ ਨਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

ਗੋਦੀ ਦੇ ਵਿਚ ਸਿਰ ਰੱਖ ਕੇ
ਮੈਂ ਸੌਣਾ
ਚਾਹੁੰਦਾ
ਮਾਂ ਵਾਲੀ
ਉਸ ਲੋਰੀ
ਨੂੰ
ਦੁਹਰਾਉਣਾ
ਚਾਹੁੰਦਾ
ਮਿੱਟੀ ਨਹੀਉਂ ਭੁੱਲਦੀ
ਗਰਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ

**– ਦਲਵੀਰ ''ਦਿਲ'' ਨਿੱਝਰ**

"My social philosophy may be said to be enshrined in three words: liberty, equality and fraternity. My philosophy has roots in religion and not in political science. I have derived them from the teachings of my master, the Buddha."

- Bodhisatta Babasaheb B.R.Ambedkar



ਬਾਬਾ ਸਾਹਿਬ ਡਾ.ਅੰਬੇਦਕਰ ਜੀ ਦੇ 57ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।

**Amardeep Chahal**
**s/o Bihari Lal Chahal**
**King City (California)**
**831-776-0135**

# ਬਾਬਾ ਸਾਹਿਬ ਜੀ ਦੇ ਕੁਝ ਸੰਦੇਸ਼ ਜੋ ਸਮਝਣਯੋਗ ਹਨ



1. ਮਾਨਸਿਕ ਆਜ਼ਾਦੀ ਹੀ ਅਸਲ ਆਜ਼ਾਦੀ ਹੈ। ਜੋ ਮਾਨਸਿਕ ਤੌਰ ਤੇ ਆਜ਼ਾਦ ਨਹੀਂ ਉਹ ਆਜ਼ਾਦ ਹੁੰਦੇ ਹੋਏ ਵੀ ਗੁਲਾਮ ਹੈ ਅਤੇ ਜਿਉਂਦੇ ਹੋਏ ਵੀ ਮਰੇ ਸਮਾਨ ਹੈ। ਮਨ ਦੀ ਆਜ਼ਾਦੀ ਹੀ ਜੀਵਨ ਦਾ ਮੰਤਵ ਹੈ। ਜੋ ਆਪਣੀ ਬੁੱਧੀ ਨੂੰ ਜਾਗਰੂਕ ਰੱਖਦੇ ਹੋਏ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕ ਰਹਿੰਦਾ ਹੈ, ਮੈਂ ਉਸ ਨੂੰ ਆਜ਼ਾਦ ਮੰਨਦਾ ਹਾਂ। ਜੋ ਪ੍ਰੰਪਰਾਵਾਂ ਅਤੇ ਸਮੇਂ ਦਾ ਗੁਲਾਮ ਨਹੀਂ ਹੈ ਜਿਸ ਦੇ ਵਿਚਾਰਾਂ ਦੀ ਜੋਤ ਬੁੱਝੀ ਨਹੀਂ ਹੈ, ਜੋ ਵਿਰੋਧੀ ਸਮੂਹ ਤੋਂ ਘਬਰਾਂਦਾ ਨਹੀਂ, ਦੂਜਿਆਂ ਦੇ ਹੱਥਾਂ ਦਾ ਖਿਡੌਣਾ ਨਹੀਂ ਬਣਦਾ, ਐਨੀ ਬੁੱਧੀ ਤੇ ਸਵੈ-ਮਾਣ ਜਿਸ ਦੇ ਕੋਲ ਹੈ, ਮੈਂ ਉਸ ਨੂੰ ਆਜ਼ਾਦ ਮੰਨਦਾ ਹਾਂ।

2. ਗ਼ੁਲਾਮਾਂ ਨੂੰ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਖੁਦ ਤੋੜਨੀਆਂ ਪੈਣ-ਗੀਆਂ। ਉਨ੍ਹਾਂ ਦੇ ਮਾਲਕ ਇਨ੍ਹਾਂ ਜ਼ੰਜ਼ੀਰਾਂ ਨੂੰ ਕਿਉਂ ਤੋੜਨਗੇ? ਉਹ ਆਪਣੇ ਪੈਰਾਂ ਤੇ ਆਪ ਕੁਲਹਾੜੀ ਕਿਉਂ ਮਾਰਨਗੇ? ਅਪਮਾਨਿਤ ਹੋ ਕੇ ਜਿਉਂਦੇ ਰਹਿਣਾ ਲਾਹਨਤ ਹੈ। ਆਤਮ ਵਿਸ਼ਵਾਸ ਨਾਲ ਜੀਵਨ ਜੀਣਾ ਅਤਿ ਅਵੱਸ਼ਕ ਹੈ। ਇਸ ਤੋਂ ਬਿਨਾਂ ਜੀਵਨ ਵਿਅਰਥ ਹੈ। ਸਵੈ-ਮਾਣ ਨਾਲ ਜੀਵਨ ਜਿਊਣ ਲਈ ਬੇਸ਼ੁਮਾਰ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰੰਤੂ ਕਠਿਨਾਈਆਂ ਤੇ ਸੰਘਰਸ਼ ਨਾਲ ਹੀ ਸ਼ਕਤੀ, ਵਿਸ਼ਵਾਸ ਤੇ ਮਾਨ ਪ੍ਰਾਪਤ ਹੋ ਸਕਦਾ ਹੈ। ਅਸੀਂ ਦਾਸ ਨਹੀਂ, ਯੋਧਾ ਵੰਸ਼ ਹਾਂ, ਇਸ ਦੇਸ਼ (ਭਾਰਤ) ਦੇ ਮਾਲਕ ਹਾਂ।

3. ਸਾਡੇ ਅੰਦੋਲਨ ਦਾ ਲਕਸ਼ ਕੇਵਲ ਆਪਣੀ ਅਯੋਗਤਾ ਦੂਰ ਕਰਨਾ ਹੀ ਨਹੀਂ ਹੈ ਬਲਕਿ ਦੇਸ਼ ਵਿਚ ਸਮਾਜਿਕ ਇਨਕਲਾਬ ਲਿਆਉਣਾ ਵੀ ਹੈ। ਇਕ ਐਸਾ ਇਨਕਲਾਬ ਜਿਸ ਰਾਹੀਂ ਉਚ ਤੋਂ ਉਚ ਪਦ ਤੇ ਪਹੁੰਚਣ ਲਈ ਹਰ ਮਨੁੱਖ ਨੂੰ ਬਰਾਬਰ ਮੌਕਾ ਮਿਲ ਸਕੇ। ਜਿੱਥੇ ਤੱਕ ਅਧਿਕਾਰਾਂ ਦਾ ਸਬੰਧ ਹੈ ਮਨੁੱਖ-ਮਨੁੱਖ ਵਿਚਕਾਰ ਭੇਦ ਭਾਵ ਨਾ ਕਰਦੇ ਹੋਏ ਜਾਤੀ ਤੇ ਜਮਾਤੀ ਰਹਿਤ ਸਮਾਜ ਦੀ ਸਿਰਜਨਾ ਕਰਨਾ ਹੈ।

**ਬਾਬਾ ਸਾਹਿਬ ਡਾ.ਅੰਬੇਦਕਰ ਜੀ ਦੇ**
**57ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।**

**United Awareness**
**Committee of Ravidassia**
**Community Californial USA**



**ਗੁਰਦੀਸ਼ ਕੌਰ ਗਰੇਵਾਲ**
**604-496-4967 (ਸਰੀ)**

## ਮੈਂ ਔਰਤ ਹਾਂ

ਮੈਂ ਸੋਹਣੀ ਵੀ ਨਹੀਂ-
ਜੋ ਕੱਚਿਆਂ ਤੇ ਤਰਦੀ ਤਰਦੀ
ਝਨਾਂ ਦੇ ਡੂੰਘੇ ਪਾਣੀਆਂ 'ਚ
ਜਾ ਖਰਾਂਗੀ।
ਮੈਂ ਅਬਲਾ ਨਹੀਂ, ਸਬਲਾ ਬਣਾਂਗੀ।
ਮੈਂ ਤਾਂ ਮਾਈ ਭਾਗੋ ਬਣ
ਭਟਕੇ ਹੋਏ ਵੀਰਾਂ ਨੂੰ
ਰਾਹੇ ਪਾਉਣਾ ਹੈ।
ਮੈਂ ਰਾਣੀ ਝਾਂਸੀ ਬਣ
ਅਜ਼ਾਦੀ ਦਾ ਬਿਗਲ ਵਜਾਉਣਾ ਹੈ
ਮੈਂ ਗੋਬਿੰਦ ਦੀ ਸ਼ਮਸ਼ੀਰ ਬਣ
ਜ਼ਾਲਿਮ ਨੂੰ ਸਬਕ ਸਿਖਾਉਣਾ ਹੈ
ਮੈਂ ਕਲਪਨਾ ਚਾਵਲਾ ਬਣ
ਧਰਤੀ ਹੀ ਨਹੀਂ
ਅੰਬਰ ਵੀ ਗਾਹੁਣਾ ਹੈ।

ਮੈਂ ਅਜੇ ਕਈ ਸਾਗਰ ਤਰਨੇ ਨੇ
ਮੈਂ ਅਜੇ ਪਰਬਤ ਸਰ ਕਰਨੇ ਨੇ
ਬਹੁਤ ਕੁੱਝ ਹੈ ਅਜੇ
ਮੇਰੇ ਕਰਨ ਲਈ
'ਦੀਸ਼' ਕੋਲ ਵਿਹਲ ਨਹੀਂ
ਅਜੇ ਮਰਨ ਲਈ।
ਮੈਂ ਔਰਤ ਹਾਂ ਭਾਵੇਂ
ਔਰਤ ਹੀ ਰਹਾਂਗੀ
ਪਰ ਮੈਂ ਤੇਰੇ ਪਿੱਛੇ ਨਹੀਂ
ਕਦਮਾਂ ਦੇ ਬਰਾਬਰ
ਕਦਮ ਧਰਾਂਗੀ।

ਮੈਂ ਔਰਤ ਹਾਂ ਭਾਵੇਂ
ਔਰਤ ਹੀ ਰਹਾਂਗੀ
ਪਰ ਮੈਂ ਤੇਰੇ ਪਿੱਛੇ ਨਹੀਂ
ਕਦਮਾਂ ਦੇ ਬਰਾਬਰ
ਕਦਮ ਧਰਾਂਗੀ।
ਮੈਂ ਸੀਤਾ ਨਹੀਂ-
ਜੋ ਆਪਣੇ ਸਤ ਲਈ
ਤੈਨੂੰ ਅਗਨ ਪ੍ਰੀਖਿਆ ਦਿਆਂਗੀ।
ਮੈਂ ਦਰੋਪਤੀ ਵੀ ਨਹੀਂ-
ਜੋ ਇਕ ਵਸਤੂ ਦੀ ਤਰ੍ਹਾਂ
ਤੇਰੇ ਹੱਥੋਂ
ਜੂਏ 'ਚ ਜਾ ਹਰਾਂਗੀ।
ਮੈਂ ਸੱਸੀ ਵੀ ਨਹੀਂ-
ਜੋ ਤੇਰੀ ਡਾਚੀ ਦੀ
ਪੈੜ ਭਾਲਦੀ ਭਾਲਦੀ
ਰੇਗਿਸਤਾਨ ਦੀ ਤਪਦੀ
ਰੇਤ 'ਚ ਸੜ ਮਰਾਂਗੀ।

## ਸਤਿਗੁਰੂ ਬਾਲਮੀਕ ਜੀ


**- ਬਿਹਾਰੀ ਲਾਲ ਚਾਹਲ**

ਕਈ ਹੈਨ ਰਾਮਾਇਣ ਨੂੰ ਲਿਖਣ ਵਾਲੇ, ਬਾਲਮੀਕ ਜੀ ਗੁਰੂ ਜਿਹਾ ਹੋਰ ਕੋਈ ਨਹੀਂ
ਆਉਣ ਵਾਲੇ ਜੋ ਸਮੇਂ ਨੂੰ ਲਿਖੇ ਪਹਿਲਾਂ, ਮੇਰੇ ਮਹਾਨ ਸਤਿਗੁਰੂ ਦੇ ਬਿਨਾਂ ਹੋਰ ਕੋਈ ਨਹੀਂ
ਯੁੱਗਾਂ-ਯੁੱਗਾਂ ਦੇ ਭੇਦ ਨੂੰ ਜਾਣਦੇ ਹਨ, ਸਾਡੇ ਉਸ ਰਹਿਬਰ ਦੇ ਸਿਵਾ ਹੋਰ ਕੋਈ ਨਹੀਂ
ਫੜਕੇ ਕਲਮ ਤਕਦੀਰਾਂ ਨੂੰ ਲਿਖੇ ਬੈਠਾ, ਉਹ ਹੈ ਪ੍ਰਉਪਕਾਰੀ ਬਾਬਾ ਹੋਰ ਕੋਈ ਨਹੀਂ
ਬੀਆਬਾਨ ਇਕੱਲੀ ਨੂੰ ਛੱਡ ਤੁਰ ਗਏ, ਸੀਤਾ ਰਾਣੀ ਤੇ ਗੁਰਾਂ ਦੀ ਮਿਹਰ ਹੋ ਗਈ
ਵਿਚ ਆਸ਼ਰਮ ਦੇ ਲਵ ਤੇ ਕੁਸ਼ ਜਨਮੇ, ਚੜ੍ਹਦੇ ਸੂਰਜ ਦੀ ਚੜ੍ਹਦੀ ਸਵੇਰ ਹੋ ਗਈ
ਮੱਥੇ ਨੂਰ ਚਮਕੇ ਹੋਵਣਹਾਰ ਬੱਚੇ, ਵੇਖ ਲਾਲਾਂ ਨੂੰ ਸੀਤਾ ਦਲੇਰ ਹੋ ਗਈ
ਆਖੇ ਗੁਰਾਂ ਨੂੰ ਮੈਂ ਬਲਿਹਾਰ ਜਾਵਾਂ, ਨਿਗਾਹ ਮਿਹਰ ਦੀ ਮੇਰੇ ਤੇ ਫੇਰ ਹੋ ਗਈ

ਸਾਡੇ ਸਤਿਗੁਰੂ ਦਾ ਸਾਨੀ ਹੋਰ ਕੋਈ ਨਹੀਂ, ਜਿਹੜਾ ਰਹਿਮ ਤੇ ਰਹਿਮਤਾਂ ਕਰੀ ਜਾਂਦਾ
ਸ਼ਰਧਾ ਨਾਲ ਜੋ ਉਹਦੇ ਦਰਬਾਰ ਆਉਂਦਾ, ਖਾਲੀ ਝੋਲੀਆਂ ਨੂੰ ਬਾਬਾ ਭਰੀ ਜਾਂਦਾ।
ਜਾਨੀ ਜਾਨ ਉਹ ਦਿਲਾਂ ਦੀਆਂ ਸਭ ਜਾਣੇ, ਜਿਹੜਾ ਸਾਡੇ ਨਸੀਬਾਂ ਨੂੰ ਘੜੀ ਜਾਂਦਾ
ਧਨ ਧਨ ਹੈ ਧਨ ਹੈ ਧਨ ਸਤਿਗੁਰੂ, ਸਾਡੇ ਉਤੇ ਉਪਕਾਰਾਂ ਨੂੰ ਕਰੀ ਜਾਂਦਾ
ਜਨਮ ਦਿਨ ਹੈ ਗੁਰਾਂ ਦਾ ਅੱਜ ਸੰਗਤੇ, ਵਰਖਾ ਫੁੱਲਾਂ ਦੀ ਅਰਸ਼ਾ ਤੋਂ ਹੋਣ ਲੱਗੀ
ਖਿਲਕਤ ਫੁੱਲਾਂ ਦੇ ਗੁੰਦ ਕੇ ਹਾਰ ਲੈ ਆਈ, ਸਾਡੇ ਰਹਿਬਰ ਦੇ ਗਲੇ ਵਿਚ ਪਾਉਣ ਲੱਗੀ
ਸਾਡੇ ਸਤਿਗੁਰ ਇਕ ਮਹਾਨ ਹਸਤੀ, ਖਿਲਕਤ ਜਿਨ੍ਹਾਂ ਦੇ ਗੁਣਾਂ ਨੂੰ ਗਾਉਣ ਲੱਗੀ
ਬਿਹਾਰੀ ਲਾਲ ਤੂੰ ਗੁਰਾਂ ਦੇ ਚਰਨ ਫੜ ਲੈ, ਐਸੀ ਘੜੀ ਨੀ ਫੇਰ ਹੱਥ ਆਉਣ ਲੱਗੀ।

## ਤੂੰਹੀ ਮੰਦਰ

ਤੂੰਹੀ ਮੰਦਿਰ ਮੇਂ ਹੈ ਮਸਜਿਦ ਮੇਂ ਤੂੰ ਹੈ
ਤੇਰਾ ਜਲਵਾ ਜਹਾਂ ਮੇਂ ਚਾਰ ਸੂ ਹੈ
ਤੂ ਰਹਿਤਾ ਹੈ ਹਰ ਇਕ ਇਨਸਾਂ ਕੇ ਦਿਲ ਮੇਂ
ਮਗਰ ਫਿਰ ਭੀ ਤੁਮਹਾਰੀ ਜੁੱਸਤਜੂ ਹੈ
ਕਹੀਂ ਪਰ ਆਰਤੀ ਹੋ ਯਾ ਅਜ਼ਾਂ ਹੋ
ਹਮੇਂ ਤੋਂ ਸੁਬਹਾ ਕੀ ਬੱਸ ਆਰਜ਼ੂ ਹੈ
ਮਿਲੇ ਦਿਲ ਖੋਲ੍ਹ ਕਰ ਯੇਹ ਆਦਮੀ ਸੇ
ਇਸੀ ਮੇਂ ਆਦਮੀ ਕੀ ਆਬਰੂ ਹੈ
ਹੈ ਝਗੜਾ ਕਿਸ ਲੀਏ ਰੰਗ-ਓ-ਨਸਲ ਕਾ
ਸੁਰਖ਼ ਸਭ ਕਾ ਹੀ ਜੱਬ ਰੰਗ-ਏ- ਲਹੂ ਹੈ
ਯਹਾਂ ਦੁਸ਼ਮਨ ਨਹੀਂ ਕੋਈ ਕਿਸੀ ਕਾ
ਯੇਹ ਖ਼ੁਦ ਇਨਸਾਨ ਹੀ ਅਪਨਾ ਉਦੂ ਹੈ
ਆਓਇ 'ਆਜ਼ਾਦ' ਹਮ ਦਿਲ ਸਾਫ਼ ਕਰ ਲੇਂ
ਯੇਹੀ ਇਸ਼ਨਾਨ ਹੈ ਯੇਹ ਹੀ ਵੁਜ਼ੂ ਹੈ।



**-ਆਜ਼ਾਦ ਜਲੰਧਰੀ**

**ਅਦਾਰਾ "ਦੇਸ਼ ਦੁਆਬਾ" ਆਜ਼ਾਦ ਜਲੰਧਰੀ ਦੀ ਸਿਹਤਯਾਬੀ ਲਈ ਪਰਵਰਦਗਾਰ ਅੱਗੇ ਦੁਆ ਕਰਦਾ ਹੈ।**

## ਜੈ ਬਾਬਾ ਨਾਮਦੇਵ ਜੀ



ਦੱਸੀਂ ਨਾਮ ਦੇਵ ਕਿਸ ਤੋਂ
ਬਣਾਈ ਛੱਪਰੀ
ਸਾਰੇ ਜੱਗ ਨਾਲੋਂ ਜਾਪੇ ਉਹਦੀ
ਸ਼ਾਨ ਵੱਖਰੀ
ਕੌਣ ਕਾਰੀਗਿਰ ਕਿਹਦੀ ਇਹੋ ਕਲਾਕਾਰੀ ਹੈ
ਚਾਹੁੰਦੇ ਅਸੀਂ ਵੀ ਬਣਾਉਣੀ ਕਦੋਂ ਆਉਣੀ ਵਾਰੀ
ਹੈ
ਲਵੇ ਮੂੰਹੋਂ ਮੰਗੇ ਪੈਸੇ ਨਾ ਉਹ ਪਾਵੇ ਚੱਕਰੀਂ
ਦੱਸੀ ਨਾਮਦੇਵ ਕਿਸ...

ਇਹ ਹੀ ਮਜ਼ਦੂਰੀ ਹੀਰਿਆਂ ਤੋਂ ਹੋਣੀ ਘੱਟ ਨਾ
ਇਹਦੀ ਕਲਾ ਨੂੰ ਕੋਈ ਕਾਰੀਗਰ ਸਕੇ ਕੱਟ ਨਾ
ਤੇਰੀ ਭਾਗ ਚੰਗੇ ਐਸੀ ਕਲਾਕਾਰੀ ਟੱਕਰੀ
ਦੱਸੀਂ ਨਾਮਦੇਵ ਕਿਸ ਤੋਂ...
ਸੱਚੀਂ ਦੱਸ ਕਿਹੜਾ ਕਾਰੀਗਿਰ ਆਇਆ ਰਾਤ ਸੀ
ਤੇਰੀ ਛੱਪਰੀ ਸਵਰਗਾਂ 'ਚੋਂ ਲਿਆਇਆ ਸਾਥ ਸੀ
ਲੱਗੀ ਬਣੀ ਹੋਈ ਲਿਆਂਦੀ ਖਿਲਰੀ ਨਾ ਪੱਥਰੀ
ਦੱਸੀਂ ਨਾਮਦੇਵ ਕਿਸ ਤੋਂ...
ਲੱਗੇ ਤੇਰੀ ਸਿੱਧੀ ਰੱਬ ਨਾਲ ਗੱਲਬਾਤ ਹੈ
ਉਹਦੇ ਦੁੱਖ ਦੂਰ ਹੁੰਦੇ ਜਿੱਥੇ ਪਾਉਂਦਾ ਝਾਤ ਹੈ
ਸ਼ਾਮ ਕਹੇ ਤਾਹੀਓਂ ਰੱਬ ਨੇ ਬਣਾਈ ਛੱਪਰੀ
ਸਾਰੇ ਜੱਗ ਨਾਲੋਂ ਜਾਪੇ ਤਾਹੀਉਂ ਸ਼ਾਨ ਵੱਖਰੀ
ਧੰਨ ਨਾਮ ਦੇਵ ਰੱਬ ਨੇ ਬਣਾਈ ਛੱਪਰੀ
ਧੰਨ ਨਾਮਦੇਵ ਜਿਸ ਦੀ ਬਣਾਈ ਛੱਪਰੀ।

**- ਸਾਮ ਲਾਲ, ਯੂਬਾ ਸਿਟੀ**
**(530-844-6572)**

# ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਨਾਮਦੇਵ ਜੀ ਦਾ ਗੁਰਪੁਰਬ ਸ਼ਰਧਾ ਪੂਰਵਕ ਮਨਾਇਆ














ਯੂਬਾ ਸਿਟੀ (ਦਿਲਵਿੰਦਰ ਰੱਲ੍ਹ)- 17 ਤੇ 24 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਤਿਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਨਾਮਦੇਵ ਜੀ ਦਾ ਗੁਰਪੁਰਬ ਦਿਹਾੜਾ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਨੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ। ਇਸ ਸਬੰਧ ਵਿਚ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ ਤੇ ਸ਼ਨਿਚਰਵਾਰ ਨੂੰ ਸਵੇਰੇ ਸੰਗਰਾਂਦ ਦਿਹਾੜਾ ਤੇ ਸ਼ਾਮਾਂ ਨੂੰ ਕੀਰਤਨ ਦਰਬਾਰ ਸਜਾਏ ਗਏ।

ਐਤਵਾਰ ਵਾਲੇ ਦਿਨ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਤੇ ਉਹਨਾਂ ਦੇ ਸਾਥੀ ਜਥੇ ਰਸਭਿੰਨਾ ਗੁਰਬਾਣੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਨਿਹਾਲ ਕੀਤਾ।

ਜਥੇ ਤੋਂ ਇਲਾਵਾ ਰਿਟਾਇਰਡ ਬੀ. ਡੀ. ਓ. ਸੋਹਣ ਲਾਲ ਸਹੋਤਾ ਜੀ, ਗੁਰਦੀਪ ਸਿੰਘ ਹੀਰਾ, ਰਾਮ ਸੇਵਕ ਭਾਟੀਆ, ਸ਼ਾਮ ਲਾਲ ਜੀ ਅਤੇ ਗੁਰਬਚਨ ਚੋਪੜਾ ਆਦਿ ਨੇ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਮਿਸ਼ਨ ਪ੍ਰਤੀ ਆਪੋ ਆਪਣੇ ਵਿਚਾਰ ਅਤੇ ਕਵਿਤਾਵਾਂ ਪੜ੍ਹੀਆਂ।

ਇਸ ਉਪਰੰਤ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਗਈ ਤੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਸਟੇਜ ਦੀ ਸੇਵਾ ਸ੍ਰੀ ਗੁਰਬਚਨ ਚੋਪੜਾ ਨੇ ਨਿਭਾਈ ਤੇ ਕੈਸ਼ੀਅਰ ਦਿਲਵਿੰਦਰ ਰੱਲ੍ਹ ਜੀ ਨੇ ਸਭਨਾਂ ਦਾ ਧੰਨਵਾਦ ਕੀਤਾ।

# ਸ਼੍ਰੀ ਗੁਰੁ ਰਵਿਦਾਸ ਸਭਾ, ਬੇਅ ਏਰੀਆ ਵਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਇਆ






ਨਿਊਆਰਕ (ਕੈਲੀਫੋਰਨੀਆ) ਹਰ ਸਾਲ ਵਾਂਗ ਇਸ ਸਾਲ ਵੀ ਸ਼੍ਰੀ ਗੁਰੁ ਰਵਿਦਾਸ ਸਭਾ, ਬੇਅ ਏਰੀਆ (ਕੈਲੀਫੋਰਨੀਆ) ਵਲੋਂ ਸਾਹਿਬ ਸ਼੍ਰੀ ਗੁਰੁ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਪੂਰਵਕ ਨਿਊਆਰਕ ਪੈਵਿਲੀਅਨ ਵਿਖੇ ਮਨਾਇਆ ਗਿਆ ਜਿਸ ਵਿਚ ਸੰਗਤਾਂ ਨੇ ਹੁਮ ਹੁਮਾ ਕੇ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਇਕੱਤਰ ਹੋਈਆਂ ਸੰਗਤਾਂ ਨੂੰ ਉਘੇ ਸਮਾਜ ਸੇਵਕ ਸ਼੍ਰੀ ਰਾਮ ਮੂਰਤੀ ਸਰੋਏ, ਸ਼੍ਰੀ ਸੁਚਾ ਰਾਮ ਭਾਰਟਾ (ਚੇਅਰਮੈਨ), ਸ਼੍ਰੀ ਵਿਨੋਦ ਚੁੰਬਰ (ਵਾਈਸ ਚੇਅਰਮੈਂਨ), ਮਹਿੰਦਰ ਸਿੰਘ ਮਾਹੀ (ਪ੍ਰਧਾਨ), ਐਸ ਅਸੋਕ ਭੌਰਾ ਆਦਿ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਭਾਈ ਬਲਦੇਵ ਸਿੰਘ ਜੀ ਦੇ ਕੀਰਤਨੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਸੰਗਤਾਂ ਨੂੰ ਸੰਬੋਧਨ ਕਰਦਿਆ ਸਭਾ ਦੇ ਵਾਈਸ ਚੇਅਰਮੈਂਨ ਵਿਨੋਦ ਚੁੰਬਰ ਨੇ ਗੁਰੂ ਘਰ ਦੀ ਉਸਾਰੀ

(ਬਾਕੀ ਸਫਾ 12 ਤੇ)

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਦਿਹਾੜਾ ਸ਼ਰਧਾ ਨਾਲ ਮਨਾਇਆ

ਰਿਓ ਲਿੰਡਾ, ਸੈਕਰਾਮੈਂਟੋ- ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸ੍ਰੀ ਗੁਰੂ ਨਾਲਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸੰਗਤਾਂ ਵੱਲੋਂ ਬੜੀ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਦਿਨ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਐਤਵਾਰ ਨੂੰ ਭੋਗ ਪਾਏ ਗਏ। ਇਸ ਦਿਨ ਗੁਰੂ ਘਰ ਦੀ ਹਜ਼ੂਰੀ ਜਥਾ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਜੀ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੇ ਪਹਿਲਾਂ ਰਹਿ ਚੁੱਕੇ ਹਜ਼ੂਰੀ ਜਥਾ ਭਾਈ




ਅਮਰਜੀਤ ਸਿੰਘ ਨੇ ਵੀ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਹਮੇਸ਼ਾ ਦੀ ਤਰ੍ਹਾਂ ਜੀਵਨ ਰੱਤੂ ਅਤੇ ਉਹਨਾਂ ਦੀ ਬੇਟੀ ਖੁਸ਼ੀ ਰੱਤੂ ਨੇ ਵੀ ਇਕ ਇਕ ਸ਼ਬਦ ਨਾਲ ਹਾਜ਼ਰੀ ਲਗਵਾਈ। ਅੰਤ ਵਿਚ ਅਰਦਾਸ ਤੋਂ ਬਾਅਦ ਗੁਰੂ ਘਰ ਦਾ ਲੰਗਰ ਅਤੁੱਟ ਵਰਤਿਆ। ਇਹ ਜਾਣਕਾਰੀ ਜਸਵੰਤ ਜੱਸੀ ਸ਼ੀਮਾਰ 916-293-6030 ਨੇ ਦਿੱਤੀ।

# ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੇਫੋਰਨੀਆ ਵੱਲੋਂ ਸ਼ਾਨਦਾਰ 'ਥੈਂਕਸਗਿਵਿੰਗ ਡੇਅ' ਡਿਨਰ













ਸੈਕਰਾਮੈਂਟੋ (ਡੀ. ਡੀ. ਬੀ.) ਪਿਛਲੇ ਦਿਨੀਂ 16 ਨਵੰਬਰ ਦਿਨ ਸ਼ਨਿਚਰਵਾਰ ਦੇ ਸ਼ਾਮ ਨੂੰ ਲਾਗੂਨਾ ਬੁਲੇਵਾਰਡ 'ਚ ਸਥਿਤ "ਮਾਰਕੋਨੀ ਗਰਿਲ" ਵਿਖੇ ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੇਫੋਰਨੀਆ ਯੂ. ਐਸ. ਏ. ਵੱਲੋਂ ਕੁਝ ਚੋਣਵੇਂ ਪਰਿਵਾਰਾਂ ਨੂੰ 'ਥੈਂਕਸਗਿਵਿੰਗ ਡੇਅ' ਨੂੰ ਮੁੱਖ ਰੱਖਦਿਆਂ ਸੱਦਾ ਪੱਤਰ ਦੇ ਕੇ ਸਪੈਸ਼ਲ ਡਿਨਰ ਤੇ ਬੁਲਾਇਆ ਗਿਆ।

ਜਿਹਨਾਂ ਪਰਿਵਾਰਾਂ ਨੇ ਇਸ ਮੌਕੇ "ਹੈਪੀ ਥੈਂਕਸਗਿਵਿੰਗ ਡੇਅ ਡਿਨਰ" ਦਾ ਆਨੰਦ ਮਾਣਿਆ, ਉਹਨਾਂ ਵਿਚ ਜ਼ਿਆਦਾਤਰ ਜੋੜੇ ਹੀ ਸਨ। ਇਸ ਪ੍ਰਕਾਰ ਹਨ: ਪ੍ਰਮਜੀਤ ਭੁੱਟਾ, ਕੇਵਲ ਬੋਲੀਨਾ ਅਤੇ ਮਿਸਿਜ਼ ਕਸ਼ਮੀਰ ਕੌਰ

(ਬਾਕੀ ਸਫਾ 12 ਤੇ)




"At the outset let me tell those who oppose us that we did not perish because we could not drink water from this chowder Tank. We now want to go to the Tank only to prove that, like others, we are also human beings." -- *Baba Sahib Dr. Ambedkar*

# We pay our glowing tribute to

## Bharat Rattan Baba Sahib Dr. Ambedkar on his 57th Prinirvan Divas



**Ramesh Bangar (Ex. Gen. Secretary)**

**Balbir Singh Kler (Chairman)**

**Shri Guru Ravidass Sabha Sacramento (California)**